# ARDAAS GUIDE

**A Guide for doing, personal, Stand alone and congregational Ardas**

# ਅਰਦਾਸ ਸੋਧ

**ਨਿੱਜੀ, ਵਿਅਕਤੀਗਤ ਅਤੇ ਪੰਥਕ ਅਰਦਾਸ ਲਈ**


**Sikh Missionary Society, Singapore**

**ਸਿੱਖ ਮਿਸ਼ਨਰੀ ਸੁਸਾਈਟੀ, ਸਿੰਘਾਪੁਰ**

| SN | TABLE OF CONTENTS | Page |
| --- | --- | --- |
| 1 | Introduction | 8 |
| 2 | Protocol for the Ardas in the Sikh Code of Conduct | 10 |
| 3 | **PERSONAL ARDAS - An Overview** | 14 |
| 4 | **Personal Ardas** | 16 |
| 5 | **PANTHIC ARDAS - An Overview** | 22 |
| 6 | **Submission - *Sukhmani Sahib Verse*** | 24 |
| 7 | **Panthic Ardas - *Main Ardas*** | 26 |
| 8 | **DOHRAS (couplets)** | 38 |
| | **APPENDIX** *(for the following supplication)* | |
| 9 | **STAND ALONE ARDAS** | 42 |
| 10 | Seek blessings just after waking up | 44 |
| 11 | Blessings for being given another day in this world | 44 |
| 12 | Seek blessings | 44 |
| 13 | Prayers whilst showering | 46 |
| 14 | Before meals / After meals | 46 |
| 15 | Daily Nitnem | 48 |
| 16 | Daily Nitnem and Rehraas paath with family | 50 |
| 17 | Birthday celebrations | 52 |
| 18 | Before examinations | 54 |
| 19 | Upon completion of examinations | 56 |
| 20 | Interviews | 58 |
| 21 | Travelling Overseas - Before leaving home | 60 |
| 22 | Travelling Overseas - Upon arrival at destination | 62 |
| 23 | Medical conditions - Before proceeding for treatment | 64 |
| 24 | Upon completion of medical treatment | 66 |
| 25 | Pray for someone sick in hospital or in sickness | 68 |
| 26 | Blessings for one who is intoxicated and wants to stop | 68 |

| SN | TABLE OF CONTENTS | Page |
|---|---|---|
| 27 | Seek blessings to be protected against vices | 70 |
| 28 | Seek mercy from Guru Ji | 72 |
| 29 | Plea for blessings to bond with child/children | 74 |
| 30 | Seeking His blessing for the grace of HIS naam | 76 |
| 31 | Conflicts at home | 78 |
| 32 | Sharing with the needy | 80 |
| 33 | Embarking on a business | 82 |
| 34 | Preparation of Guru Ka Langgar & before serving | 84 |
| 35 | Sukhmani Sahib or Sehaj Path for a new home | 86 |
| 36 | Thanksgiving Ardas for a new home | 88 |
| 37 | Akhand Paath @ Residence - SGGS Ji's departure | 90 |
| 38 | Akhand Paath @ Residence - Commencement | 92 |
| 39 | Akhand Paath @ Residence - Completion | 94 |
| 40 | Sukhmani Sahib Paath– Well being of Family | 96 |
| 41 | Naming Ceremony | 98 |
| 42 | Amrit Sanchar Ceremony - Before commencement | 100 |
| 43 | Amrit Sanchar Ceremony - Once Amrit is prepared | 102 |
| 44 | Amrit Sanchar Ceremony - After Completion | 104 |
| 45 | Engagement & Anand Karaj - Before leaving home | 106 |
| 46 | Milni Ardas | 108 |
| 47 | Commencement of Engagement Ceremony | 110 |
| 48 | Commencement of Anand Karaj Ceremony | 112 |
| 49 | Completion of Anand Karaj Ceremony | 114 |
| 50 | Sukhmani Sahib: Embarking on a business venture | 116 |
| 51 | Sri Akhand Paath Sahib - Commencement | 118 |
| 52 | Mid - way of Paath | 120 |
| 53 | Sri Akhand Paath Sahib - Completion | 122 |

| SN | TABLE OF CONTENTS | Page |
|---|---|---|
| 54 | Sri Sehaj Paath - Commencement | 124 |
| 55 | Sri Sehaj Paath - Re-commencement | 126 |
| 56 | Sri Sehaj Paath – Completion | 128 |
| 57 | Death Ceremony - Washing Body | 130 |
| 58 | Death Ceremony - Offering Body to the pyre | 132 |
| 59 | Upon Completion of Offering Body to the pyre | 134 |
| 60 | Upon Returning to Gurdwara (for Alania De Paath) | 136 |
| 61 | Ardas Article in Punjabi | 138 |
| 62 | Reference Shabad for seeking Guru Ji's protection - *Bilaaval Mahalla 5 - Rog Mittaayah...* | 142 |

| ਕ੍ਰਮ ਅੰਕ | ਤਤਕਰਾ | ਪੰਨਾ |
|---|---|---|
| 1 | ਜਾਣ-ਪਛਾਣ | 8 |
| 2 | ਸਿੱਖ ਰਹਿਤ ਮਰਯਾਦਾ ਅਨੁਸਾਰ ਅਰਦਾਸ ਕਰਨ ਦੀ ਵਿਧੀ | 11 |
| 3 | **ਨਿੱਜੀ ਅਰਦਾਸ - ਜਾਣ ਪਹਿਚਾਣ** | 15 |
| 4 | **ਨਿੱਜੀ ਅਰਦਾਸ ਬਾਰੇ** | 17 |
| 5 | **ਪੰਥਕ ਅਰਦਾਸ ਬਾਰੇ** | 23 |
| 6 | **ਪੰਥਕ ਅਰਦਾਸ - ਸ਼ਬਦ ਸੁਖਮਨੀ ਸਾਹਿਬ** | 25 |
| 7 | **ਪੰਥਕ ਅਰਦਾਸ** | 27 |
| | **ਦੋਹਰਾ ਅਰਦਾਸ ਉਪਰੰਤ** | 39 |
| 8 | **ਅੰਤਿਕਾ**... (ਹੇਠ ਲਿਖੀ ਅਰਦਾਸ ਲਈ) | |
| 9 | **ਵਿਅਕਤੀਗਤ ਅਰਦਾਸ** | 43 |
| 10 | ਦਿਨ ਦੀ ਸ਼ੁਰੂਆਤ - ਤੜਕੇ ਉਠਦੇ ਸਾਰ | 45 |
| 11 | ਨਵਾਂ ਦਿਨ ਬਖਸ਼ਿਆ (ਸ਼ੁਭ ਦਿਨ ਲਈ ਬੇਨਤੀ) | 45 |
| 12 | ਸ਼ੁਕਰਾਨਾ ਅਤੇ ਮਿਹਰ ਦੀ ਅਰਦਾਸ | 45 |
| 13 | ਇਸ਼ਨਾਨ/ਨਹਾਉਣ ਸਮੇਂ | 47 |
| 14 | ਪ੍ਰਸ਼ਾਦਾ ਛੱਕਣ ਤੋਂ ਪਹਿਲਾਂ | 47 |
| 15 | ਨਿਤਨੇਮ | 49 |
| 16 | ਨਿਤਨੇਮ: ਰਹਿਰਾਸ ਸਾਹਿਬ ਦੀ ਅਰਦਾਸ ਪਰਿਵਾਰ ਨਾਲ | 51 |
| 17 | ਜਨਮ ਦਿਨ ਮਨਾਉਣਾ | 53 |
| 18 | ਪ੍ਰੀਖਿਆ / ਇਮਤਿਹਾਨ | 55 |
| 19 | ਇਮਤਿਹਾਨ ਦੀ ਸੰਪੂਰਨਤਾ ਤੇ | 57 |
| 20 | ਇੰਟਰਵਿਊ | 59 |
| 21 | ਵਿਦੇਸ਼ ਸਫ਼ਰ: ਘਰੋਂ ਤੁਰਨ ਲੱਗਿਆ | 61 |
| 22 | ਵਿਦੇਸ਼ ਸਫ਼ਰ: ਮੰਜ਼ਿਲ ਤੇ ਪਹੁੰਚਣ ਸਮੇਂ | 63 |
| 23 | ਬਿਮਾਰੀ ਦੇ ਹਾਲਾਤ ਵਿੱਚ - ਇਲਾਜ ਲਈ ਤੁਰਨ ਤੋਂ ਪਹਿਲਾਂ | 65 |
| 24 | ਬਿਮਾਰੀ ਦੇ ਹਾਲਾਤ ਵਿੱਚ - ਇਲਾਜ ਉਪਰੰਤ | 67 |
| 25 | ਬਿਮਾਰੀ ਦੇ ਹਾਲਾਤ ਵਿੱਚ - ਕਿਸੇ ਲਈ ਤੰਦਰੁਸਤੀ ਦੀ ਅਰਦਾਸ | 69 |

| ਕ੍ਰਮ ਅੰਕ | ਤਤਕਰਾ | ਪੰਨਾ |
|---|---|---|
| 26 | ਗੁਰੂ ਜੀ ਪਾਸ ਅਰਦਾਸ - ਨਸ਼ਿਆਂ ਦਾ ਤਿਆਗ ਕਰਨ ਦੀ ਬੇਨਤੀ | 69 |
| 27 | ਗੁਰੂ ਪਾਸੋਂ ਬੁਰਿਆਈਆ ਤੋਂ ਬਚਣ ਲਈ ਮੰਗ ਕਰਨੀ | 71 |
| 28 | ਸੁਖ-ਸ਼ਾਂਤੀ ਲਈ ਅਰਦਾਸ | 73 |
| 29 | ਪਰਿਵਾਰਕ ਪ੍ਰੇਮ ਅਤੇ ਮਿਲਵਰਤਨ ਲਈ ਅਰਦਾਸ | 75 |
| 30 | ਨਾਮ ਦਾਨ ਅਤੇ ਕਿਰਪਾ ਲਈ ਅਰਦਾਸ | 77 |
| 31 | ਬੱਚੇ ਵਲੋਂ ਅਰਦਾਸ - ਮਾਪਿਆਂ ਵਿਚ ਪਿਆਰ ਅਤੇ ਸੁੱਖ-ਸ਼ਾਂਤੀ ਲਈ ਅਰਦਾਸ | 79 |
| 32 | ਵੰਡ ਛੱਕਣ ਦੀ ਅਰਦਾਸ | 81 |
| 33 | ਵਪਾਰ (ਕੰਮਕਾਰ) ਨਾਲ ਸੰਬੰਧਿਤ - ਸ਼ੁਰੂ ਕਰਨ ਸਮੇਂ | 83 |
| 34 | ਗੁਰੂ ਦੇ ਲੰਗਰ ਲਈ ਅਰਦਾਸ | 85 |
| 35 | ਨਵੇਂ ਘਰ (ਨਿਵਾਸ/ਅਸਥਾਨ) ਦੀ ਖੁਸ਼ੀ ਹਿੱਤ | 87 |
| 36 | ਨਵੇਂ ਗ੍ਰਹਿ ਦੀ ਖੁਸ਼ੀ ਹਿੱਤ ਅਰਦਾਸ | 89 |
| 37 | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲਿਜਾਣ ਵੇਲੇ ਅਰਦਾਸ | 91 |
| 38 | ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਅਰੰਭਤਾ ਦੀ ਅਰਦਾਸ | 93 |
| 39 | ਨਵੇਂ ਗ੍ਰਹਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸਮਾਪਤੀ ਦੀ ਅਰਦਾਸ | 95 |
| 40 | ਸੁਖਮਨੀ ਸਾਹਿਬ ਪਾਠ | 97 |
| 41 | ਜਨਮ ਸੰਸਕਾਰ | 99 |
| 42 | ਅਮ੍ਰਿੰਤ ਸੰਚਾਰ - ਅੰਮ੍ਰਿਤ ਛੱਕਣ ਤੋਂ ਪਹਿਲਾਂ | 101 |
| 43 | ਅਮ੍ਰਿੰਤ ਸੰਚਾਰ - ਅੰਮ੍ਰਿਤ ਤਿਆਰ ਹੋਣ ਤੇ ਅਰਦਾਸ | 103 |
| 44 | ਅਮ੍ਰਿੰਤ ਸੰਚਾਰ - ਅੰਮ੍ਰਿਤ ਛੱਕਣ ਤੋਂ ਬਾਅਦ | 105 |
| 45 | ਅਨੰਦ ਕਾਰਜ ਅਤੇ ਮੰਗਣਾ - ਘਰੋਂ ਤੁਰਨ ਸਮੇਂ ਦੀ ਅਰਦਾਸ | 107 |
| 46 | ਮਿਲਣੀ ਦੀ ਅਰਦਾਸ | 109 |
| 47 | ਕੁੜਮਾਈ ਦੀ ਅਰਦਾਸ | 111 |
| 48 | ਅਨੰਦ ਕਾਰਜ ਦੀ ਅਰੰਭਤਾ ਦੀ ਅਰਦਾਸ | 113 |
| 49 | ਅਨੰਦ ਕਾਰਜ ਸੰਪੂਰਨਤਾ ਦੀ ਅਰਦਾਸ | 115 |
| 50 | ਸੁਖਮਨੀ ਸਾਹਿਬ ਪਾਠ: ਵਪਾਰ (ਕੰਮਕਾਰ) ਨਾਲ ਸੰਬੰਧਿਤ | 117 |
| 51 | ਸ੍ਰੀ ਅਖੰਡ ਪਾਠ ਸਾਹਿਬ ਅਰੰਭਤਾ | 119 |

| ਕ੍ਰਮ ਅੰਕ | ਤਤਕਰਾ | ਪੰਨਾ |
|---|---|---|
| 52 | ਮੱਧ ਦੀ ਅਰਦਾਸ | 121 |
| 53 | ਅਖੰਡ ਪਾਠ ਸਾਹਿਬ ਦੀ ਸੰਪੂਰਨਤਾ | 123 |
| 54 | ਸ਼੍ਰੀ ਸਹਿਜ ਪਾਠ - ਪਾਠ ਸ਼ੁਰੂ ਕਰਨ ਤੋਂ ਪਹਿਲਾਂ | 125 |
| 55 | ਸ਼੍ਰੀ ਸਹਿਜ ਪਾਠ - ਰੋਜ਼ਾਨਾ ਪਾਠ ਕਰਨ ਤੋਂ ਪਹਿਲਾਂ | 127 |
| 56 | ਸ਼੍ਰੀ ਸਹਿਜ ਪਾਠ - ਸਹਿਜ ਪਾਠ ਦੀ ਸੰਪੂਰਨਤਾ | 129 |
| 57 | ਮਿਰਤਕ ਸੰਸਕਾਰ - ਦੇਹ ਇਸ਼ਨਾਨ | 131 |
| 58 | ਮਿਰਤਕ ਸੰਸਕਾਰ - ਅਗਨ ਭੇਟ ਦੀ ਅਰਦਾਸ | 133 |
| 59 | ਮਿਰਤਕ ਸੰਸਕਾਰ - ਅਗਨ ਭੇਟ ਉਪਰੰਤ (ਸੋਹਿਲਾ ਸਾਹਿਬ) | 135 |
| 60 | ਅਲਾਹਣੀਆਂ ਦਾ ਪਾਠ - ਗੁਰਦੁਆਰਾ ਸਾਹਿਬ ਵਿੱਚ | 137 |
| 61 | ਅਰਦਾਸ | 139 |
| 62 | ਗੁਰੂ ਜੀ ਅੱਗੇ ਰੱਖਿਆ ਲਈ ਬੇਨਤੀ - ਬਿਲਾਵਲੁ ਮਹਲਾ ੫॥ : ਰੋਗੁ ਮਿਟਾਇਆ … | 142 |

## ਜਾਣ-ਪਛਾਣ

ਇਸ ਕਿਤਾਬ ਰਾਹੀਂ ਪੰਜਾਬੀ ਵਿਚ ਅਰਦਾਸ ਕਰਨ ਲਈ ਸੇਧ ਦਿਤੀ ਗਈ ਹੈ। ਸਿੱਖ ਮਿਸ਼ਨਰੀ ਸੁਸਾਇਟੀ ਦਾ ਇਹ ਉਪਰਾਲਾ ਹਰ ਸਿੱਖ ਨੂੰ ਖੁਦ ਅਰਦਾਸ ਕਰਨ ਲਈ ਪ੍ਰੇਰਿਤ ਕਰੇਗਾ।

## Introduction

The Guide is provided to express your feelings in Punjabi during Ardas.

The Sikh Missionary Society Singapore is pleased to release its publication the **ARDAS GUIDE** for the use of Sikhs to encourage them to do the Ardas themselves.

## ਅਰਦਾਸ ਦਾ ਕ੍ਰਮ ਹੇਠ ਲਿਖੇ ਅਨੁਸਾਰ ਹੈ:

## The Sequence for Ardas is as follows:



ਅਰਦਾਸ ਦੌਰਾਨ ਖੜ੍ਹੇ ਹੋ ਕੇ ਦੋਵੇਂ ਹੱਥ ਜੋੜ ਵਾਹਿਗੁਰੂ ਅੱਗੇ ਜੋਦੜੀ ਕੀਤੀ ਜਾਂਦੀ ਹੈ।

ਇਸ ਅਰਦਾਸ ਕਿਤਾਬ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ ਜੀ। ਪਹਿਲੇ ਭਾਗ ਵਿਚ ਨਿੱਜੀ ਅਰਦਾਸ ਬਾਰੇ ਜਾਣਕਾਰੀ ਦਿੱਤੀ ਗਈ ਹੈ ਜੀ।

ਦੂਸਰਾ ਭਾਗ ਪੰਥਕ ਅਰਦਾਸ ਨਾਲ ਸੰਬੰਧਿਤ ਹੈ ਜਿਸ ਵਿਚ ਅਖੰਡ ਪਾਠ, ਸਹਿਜ ਪਾਠ, ਅਨੰਦ ਕਾਰਜ ਆਦਿ ਸਮੇਂ ਅਰਦਾਸ ਕਰਨ ਦੀ ਸੇਧ ਦਿਤੀ ਗਈ ਹੈ ਜੀ।

ਤੀਜਾ ਭਾਗ ਹਰ ਕਾਰਜ ਨੂੰ ਕਰਨ ਸਮੇਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਅਰਦਾਸ ਬੇਨਤੀ ਕਰਨ ਦੀ ਤਾਕੀਦ ਕਰਦਾ ਹੈ ਜੀ।

To submit to Akal Purakh during Ardas stand up with folded hands.

The ARDAS GUIDE is divided into three sections. The first section sets out the personal Ardas. We start with the submission Shabad, before commencing the invocation. First, we start invocating the presence of Akal Purakh Ji, our first TEN Guru Sahib Jis and our present Guru Sri Guru Granth Sahib Ji. Then we make our supplication to the Akal Purakh Ji. The guide is provided to express Your supplication in Punjabi in the appendices.

The second section is the Panthic Ardas i.e. congregational Ardas and covers Ardas during Akhand Path, Sehaj Path, Anand Karaj, etc.

The third section provides the stand alone Ardas - to invoke HIS presence before proceeding with the supplication provided in the appendices.

## ਅੰਤਿਕਾਵਾਂ ਦੀ ਤਰਤੀਬ :

ਅੰਤਿਕਾਵਾਂ ਨੂੰ ਤਿੰਨ ਹਿੱਸਿਆਂ ਅੰਗਰੇਜ਼ੀ ਲਿਪੀਅੰਤਰਨ, ਅੰਗਰੇਜ਼ੀ ਵਿਆਖਿਆ ਅਤੇ ਪੰਜਾਬੀ ਵਿਚ ਵੰਡਿਆ ਗਿਆ ਹੈ।

## Structure of the appendices:

These are provided in three columns: Romanised, English explanation and Punjabi text.

## Protocol for the Ardas in the Sikh Code of Conduct:

While the Ardas is being performed, all men and women in the congregation should stand with hands folded. The person in attendance at Sri Guru Granth Sahib Ji should also stand up and wave the whisk.

The person who performs the Ardas should stand facing Sri Guru Granth Sahib Ji with folded hands. If Sri Guru Granth Sahib Ji is not there, then the Ardas performed facing any direction is acceptable.

When special Ardas is recited for or on behalf of one or more persons, it is not necessary for those in the congregation other than that person(s) to stand up.

At the conclusion of the Ardas, the entire congregation participating in the Ardas should respectfully bow before the revered Sri Guru Granth Sahib Ji, then stand up and chant, *"Waheguru Ji Ka Khalsa, Waheguru Ji Ki Fateh"* (The Khalsa is of the Wondrous Destroyer of Darkness: Victory also is His). The congregation should, thereafter, recite the loud spirited chant of Sat Sri Akal (True is the timeless Being).

## ਸਿੱਖ ਰਹਿਤ ਮਰਯਾਦਾ ਅਨੁਸਾਰ ਅਰਦਾਸ ਕਰਨ ਦੀ ਵਿਧੀ

ਸਮੁੱਚੀ ਸੰਗਤਾਂ ਵਲੋਂ ਅਰਦਾਸ ਕਰਨ ਸਮੇਂ, ਸਾਰੀ ਸੰਗਤ ਨੂੰ ਹੱਥ ਜੋੜ ਕੇ ਖੜੇ ਹੋ ਜਾਣਾ ਚਾਹੀਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸੱਜਣ ਨੂੰ ਵੀ ਖੜੇ ਹੋ ਕੇ, ਚੌਰ ਸਾਹਿਬ ਦੀ ਸੇਵਾ ਕਰਨੀ ਚਾਹੀਦੀ ਹੈ ।

ਅਰਦਾਸ ਦੀ ਅਗਵਾਈ ਕਰਨ ਵਾਲੇ ਵਿਅਕਤੀ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ, ਹੱਥ ਜੋੜ ਕੇ ਖੜ੍ਹੇ ਹੋ ਕੇ ਅਰਦਾਸ ਕਰਨੀ ਚਾਹੀਦੀ ਹੈ ਜੇਕਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਸ ਥਾਂ ਤੇ ਮੌਜੂਦ ਨਾ ਹੋਣ, ਤਾਂ ਕਿਸੀ ਵੀ ਦਿਸ਼ਾ ਵਲ ਮੂੰਹ ਕਰ ਕੇ ਅਰਦਾਸ ਕੀਤੀ ਜਾ ਸਕਦੀ ਹੈ।

ਜਦੋਂ ਕੋਈ ਖਾਸ ਅਰਦਾਸ ਕਿਸੇ ਇਕ ਜਾਂ ਵਧੀਕ ਆਦਮੀਆਂ ਵਲੋਂ ਹੋਵੇ, ਤਾਂ ਉਹਨਾਂ ਤੋਂ ਬਿਨਾਂ ਸੰਗਤ ਵਿਚ ਬੈਠੇ ਹੋਰਨਾਂ ਦਾ ਉਠਣਾ ਜ਼ਰੂਰੀ ਨਹੀਂ।

ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਵੇ। ਉਪ੍ਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

# PERSONAL ARDAS

# ਨਿੱਜੀ ਅਰਦਾਸ

# PERSONAL ARDAS - An overview

### SEQUENCE OF ARDAS

| | |
|---|---|
| Submission | ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ । |
| Invocation - Ardas | ੧ੴ ਵਾਹਿਗੁਰੂ ਜੀ ਕੀ ਫ਼ਤਿਹ । |
| Personalised Ardas | Refer to Appendices for appropriate Ardas |
| Prostrate | Bow down in front of Guru Ji |
| Sikh slogan of victory *(Jaikara)* | ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ |

## Personal Ardas consists of two main parts:

**The first section**: The selected shabad is sung to surrender to Akal Purakh Ji.

**The second section** is an invocation to Akal Purakh Ji, the first ten Guru Sahib Ji and our present Sri Guru Granth Sahib Ji.

## SUBMISSION

| | |
|---|---|
| Tudh aagay ardas hamaaree jeeo pindd sabh teraa \| Kahu naanak sabh taeree vaddiaaee koee naao n jaanai maeraa\|4\| | I offer my prayer to you, O Divine; my body and life are all yours. Says Nanak, this is all your greatness; no one even knows my name. |

## ਨਿੱਜੀ ਅਰਦਾਸ ਬਾਰੇ

### ਅਰਦਾਸ ਦਾ ਕ੍ਰਮ

| | |
|---|---|
| ਮਨ ਅਰਪਣ ਕਰਨਾ | ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ । |
| ਅਰਦਾਸ (ਬੇਨਤੀ) ਕਰਨਾ | ੴ ਵਾਹਿਗੁਰੂ ਜੀ ਕੀ ਫ਼ਤਿਹ । |
| ਨਿੱਜੀ ਅਰਦਾਸ | ਸੂਚੀ ਵਿੱਚੋਂ ਚੋਣ ਕਰੋ |
| ਮੱਥਾ ਟੇਕਣਾ | ਗੁਰੂ ਅਗੇ ਮੱਥਾ ਟੇਕਣਾ |
| ਜੈਕਾਰਾ | ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ |

### ਨਿੱਜੀ ਅਰਦਾਸ ਦੇ ਦੋ ਭਾਗ ਹਨ:-

ਪਹਿਲੇ ਭਾਗ ਵਿੱਚ ਮਨ ਨੂੰ ਅਰਪਣ ਕਰਨ ਲਈ ਚੁਣਿਆ ਗਿਆ ਸ਼ਬਦ ਗਾਇਨ ਕੀਤਾ ਜਾਂਦਾ ਹੈ ।

ਦੂਜੇ ਭਾਗ ਵਿੱਚ ਅਕਾਲ ਪੁਰਖ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਧਿਆਇਆ ਜਾਂਦਾ ਹੈ ।

### ਸਮਰਪਣ

**ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ।**

**ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ।੪।**

## *PERSONAL ARDAS*

Ik-Oankaar.
Waheguru Ji Ki Fateh .

Waheguru is One. All victories are of the Wondrous Guru (Waheguru).

Sri Bhagauti Ji Sahai.

May the respected "Bhaguati Ji" be my saviour

Vaar Sri Bhagauti Ji Ki Paatshaahee Dasvi.

Ode of "Bhaguati Ji" recited by the Tenth Guru Sahib Ji

Pritham Bhagauti Simar Kai, Guru Nanak Laee Dhiyae.

First remember the "Bhaguati Ji"; then remember and meditate upon Guru Nanak Ji.

Fir Angad Gur Te Amar Das, Ram Dasae Hoye Sahai.

Then meditate upon Guru Angad Ji, Guru Amar Das Ji and Guru Ram Das Ji to come to our assistance.

Arjan Hargobind Nu Simrou Sri Har Rai.

Remember and meditate upon Guru Arjan Ji, Guru Hargobind Ji and respected Sri Guru Har Rai Ji.

Sri Harkrishan Dhiyaa-eeai Jis Dithae Sabh Dukh Jaye.

Remember and meditate upon the respected Sri Guru Harkrishan Ji whose sight will release all sufferings.

Teg Bahadur Simar-eeai Ghar Nau Nidh Aavai Dhai.

By remembering and meditating upon Guru Tegh Bahadur Ji nine treasures will be received very fast.

Sabh Thaai Ho-e Sahaai.

Present everywhere to assist us

Dasvai Paatshaah Guru Gobind Singh Sahib Ji Sabh Thai Ho-e Sahaai.

The tenth sovereign/monarch, Guru Gobind Singh Ji is present everywhere to provide assistance.

# ਨਿੱਜੀ ਅਰਦਾਸ

ੴ ਵਾਹਿਗੁਰੂ ਜੀ ਕੀ ਫ਼ਤਿਹ ।

ਸ੍ਰੀ ਭਗੌਤੀ ਜੀ ਸਹਾਇ ।

ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧● * ।

ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ ।

ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈਂ ਸਹਾਇ ।

ਅਰਜਨ ਹਰਗੋਬਿੰਦ ਨੋ ਸਿਮਰੌਂ ਸ੍ਰੀ ਹਰਿਰਾਇ ।

ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ ।

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ।

ਸਭ ਥਾਈਂ ਹੋਇ ਸਹਾਇ ।

ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਭ ਥਾਂਈ ਹੋਇ ਸਹਾਇ ।

* – ਦਸਵੀਂ ਬੋਲੋ

Dasa Paatsaaheea di Jot Sri Guru Granth Sahib Ji, de Paath Deedaar Daa Dhiyaan Dhar Ke Bolo Ji Waheguru!

With your mind fully focused on Sri Guru Granth Sahib Ji, the Divine Guiding Light of the Ten Guru Sahib Ji, its recitation and understanding, say Waheguru! Waheguru! Waheguru! (O Wonderous God)!

Hey Nimaneeaa De Maan, Nitaneeaa De Taan, Nioteeaa Di Ot, Sachey Pita Waheguru (Aap de Hazur Ardas hai Ji)

O provider of honour to the lowly, power to the weak, helpless and refuge to the destitutes, The Eternal Sovereign Father Waheguru recite the humbly prayer in your presence ***(Refer to appendices…………. for additional supplications)***.

Akhar Vaadhaa Ghaataa Bhul Chuk Maaf Karnee, Sarbat De Kaaraj Raas Karney.

Kindly pardon any mistakes and shortcomings that may have occured in my speech and actions. Please provide your Divine assistance to each and every being in completing their undertakings.

Seyee Piyare Mel, Jina Miliya Teraa Naam Chit Aavai, Nanak Naam Chardi Kala, Tere Bhaaney Sarbat Daa Bhalaa.

Help us connect with such Divine souls that are dear to you. By meeting whom, I may always remember you and firmly establish in my heart. With Guru Nanak and Naam may there always be "Chardikala" (living in High Morale). With Your divine will may there always be prosperity for one and all.

Waheguru Ji Ka Khalsa, Waheguru Ji Ki Fateh.

The Pure belong to the Wonderful Lord, victory is the Wonderful Lord's.

Bole so nihal, sat sri akal.

Whoever utters shall be fulfilled, "Eternal is the true Lord".

ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ, ਵਾਹਿਗੁਰੂ, ਆਪ ਜੀ ਦੇ ਹਜ਼ੂਰ ਅਰਦਾਸ ਹੈ ਜੀ । (ਅੰਤਿਕਾ ਨੂੰ ਦੇਖੋ)*

ਅੱਖਰ ਵਾਧਾ ਘਾਟਾ ਭੁੱਲ ਚੁੱਕ ਮਾਫ਼ ਕਰਨੀ । ਸਰਬੱਤ ਦੇ ਕਾਰਜ ਰਾਸ ਕਰਨੇ ।

ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ । ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ ।

ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰ ਜੀ ਕੀ ਫ਼ਤਿਹ ।

ਜੈਕਾਰਾ

ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ।

# PANTHIC ARDAS

# ਪੰਥਕ ਅਰਦਾਸ

# PANTHIC ARDAS– An Overview

## SEQUENCE OF ARDAS

| | |
|---|---|
| Submission | ਤੂ ਠਾਕੁਰੁ ਤੁਮ ਪਹਿ ਅਰਦਾਸਿ |
| Invocation - Ardas | ੧ੴ ਵਾਹਿਗੁਰੂ ਜੀ ਕੀ ਫ਼ਤਿਹ । |
| Panthic Ardas | Refer to appendices for appropriate Ardas |
| Prostrate | Bow down in front of Guru Ji |
| Recite Dohra | ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ । |
| Sikh slogan of victory *(Jaikara)* | ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ |

**Panthic Ardas, the Sikh prayer consists of four main parts:**

**The first section** in the submission is extolled to surrender to the Almighty Lord.

**The second section** is an invocation extolling the ten Gurus and Sri Guru Granth Sahib Ji

**The third section** recalls past trials and triumphs of the Panth. These are grouped in clusters, each punctuated by a fervent 'Waheguru'.

**The final section** is the actual prayer of petition/ supplication.

## ਪੰਥਕ ਅਰਦਾਸ ਬਾਰੇ

### ਅਰਦਾਸ ਦੀ ਲੜੀ

| | |
|---|---|
| ਮਨ ਅਰਪਣ ਕਰਨਾ | ਤੂ ਠਾਕੁਰੁ ਤੁਮ ਪਹਿ ਅਰਦਾਸਿ |
| ਅਰਦਾਸ (ਬੇਨਤੀ) ਕਰਨਾ | ੧ੴ ਵਾਹਿਗੁਰੂ ਜੀ ਕੀ ਫ਼ਤਿਹ । |
| ਪੰਥਕ ਅਰਦਾਸ | ਸੂਚੀ ਵਿੱਚੋਂ ਚੋਣ ਕਰੋ |
| ਨਤਮਸਤਕ ਹੋਣਾ | ਗੁਰੂ ਅਗੇ ਮੱਥਾ ਟੇਕਣਾ |
| ਦੋਹਿਰਾ | ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ । |
| ਜੈਕਾਰਾ | ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ |

### ਪੰਥਕ ਅਰਦਾਸ ਦੇ ਚਾਰ ਭਾਗ / ਹਿੱਸੇ ਹਨ ।

ਪਹਿਲੇ ਭਾਗ ਵਿੱਚ ਮਨ ਅਰਪਣ ਲਈ ਚੁਣਿਆ ਸ਼ਬਦ (ਗੁਰਬਾਣੀ) ਉਚਾਰੋ ।

ਦੂਜੇ ਭਾਗ ਵਿੱਚ ੧੦ ਪਾਤਸ਼ਾਹੀਆਂ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਧਿਆਉ ।

ਤੀਜੇ ਭਾਗ ਵਿੱਚ ਪੰਥ ਦੀਆ ਪੁਰਾਤਨ ਘਾਲਣਾਂ, ਸ਼ਹੀਦੀਆਂ ਅਤੇ ਪ੍ਰਾਪਤੀਆਂ ਦਰਸਾਈਆਂ ਹਨ, ਹਰ ਹਿੱਸੇ ਉਪਰੰਤ "ਵਾਹਿਗੁਰੂ" ਉਚਾਰਿਆ ਗਿਆ ਹੈ

ਅਤੇ ਅੰਤਲੇ ਹਿੱਸੇ ਵਿੱਚ ਜੋ ਮੌਕੇ ਦੀ ਅਰਦਾਸ / ਬੇਨਤੀ ਹੈ ।

# Submission - *Sukhmani Sahib Verse*

***According to the contemporary tradition, before Ardas, the following Shabad from the 'Sukhmani Sahib'of the fifth Guru, Guru Arjan Dev Ji, is usually recited:***

| | |
|---|---|
| Tu Thaakur Tum Peh Ardās. | You are our Master; to you, I offer this humble prayer. |
| Jio Pind Sabh Tayree Raas. | This body and soul are all your belongings. |
| Thum Maat Pithaa Ham Baarik Thaerae. | You are our mother and father; and we are your children. |
| Tumaree Kirpaa Meh Sukh Ghanayrey. | In your grace, we experience ultimate peace! |
| Koe Na Jaanay Tumraa Unt. | No one knows your infinite vastness. |
| Oochay Tey Oochaa Bhagvant. | O highest of the high, most generous God, |
| Sagal Samagree Tumaray Soothr Dhaaree. | The whole creation is strung on your thread. |
| Tum Tey Hoe So Aageyakaaree. | That which has come from you is in your will. |
| Tumaree Gath Mith Tum Hee Jaanee. | You alone know your existence and vastness. |
| Nanak Daas Sadhaa Kurbaanee \|\|8\|\|4\|\| | Nanak, Your slave, is forever surrendering to you. \|\|8\|\|4\|\| |

## ਸਮਰਪਣ - ਸੁਖਮਨੀ ਸਾਹਿਬ ਸ਼ਬਦ

*ਪਰੰਪਰਾ ਅਨੁਸਾਰ ਅਰਦਾਸ ਤੋ ਪਹਿਲਾ, ਸ੍ਰੀ ਸੁਖਮਨੀ ਸਾਹਿਬ ਵਿਚੋਂ ਗੁਰੂ ਅਰਜਨ ਸਾਹਿਬ ਜੀ ਦਾ ਇਹ ਸ਼ਬਦ ਪੜ੍ਹਿਆ ਜਾਦਾ ਹੈ ।*

ਤੂ ਠਾਕੁਰੁ ਤੁਮ ਪਹਿ ਅਰਦਾਸਿ ॥

ਜੀਉ ਪਿੰਡੁ ਸਭੁ ਤੇਰੀ ਰਾਸਿ ॥

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥

ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥

ਕੋਇ ਨ ਜਾਨੈ ਤੁਮਰਾ ਅੰਤੁ ॥

ਊਚੇ ਤੇ ਊਚਾ ਭਗਵੰਤ ॥

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥

ਤੁਮ ਤੇ ਹੋਇ ਸੁ ਆਗਿਆਕਾਰੀ ॥

ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥

ਨਾਨਕ ਦਾਸ ਸਦਾ ਕੁਰਬਾਨੀ ॥੮॥੪॥

## *PANTHIC ARDAS - Main Ardas*

Ik-Oankaar
Waheguru Ji Ki Fateh.

Waheguru is One. All victories are of the Wondrous Guru (Waheguru).

Sri Bhagauti Ji Sahai.

May the respected “Bhaguati Ji” be my saviour.

Vaar Sri Bhagauti Ji Ki Paatshaahee Dasvi.

Ode of “Bhaguati Ji” recited by the Tenth Guru Sahib Ji

Pritham Bhagauti Simar Kai, Guru Nanak Laee Dhiyae.

First, remember the “Bhaguati Ji”; then remember and meditate upon Guru Nanak Ji.

Fir Angad Gur Te Amar Das, Ram Das Hoye Sahai.

Then meditate upon Guru Angad Ji, Guru Amar Das Ji and Guru Ram Das Ji to come to our assistance.

Arjan Hargobind No Simrou Sri Har Rai.

Remember and meditate upon Guru Arjan Ji, Guru Hargobind Ji and respected Sri Guru Har Rai Ji.

Sri Harkrishan Dhiyaa-eeai Jis Dithae Sabh Dukh Jaye.

Remember and meditate upon the respected Sri Guru Harkrishan Ji whose sight will release all sufferings.

Teg Bahadur Simar-eeai Ghar Nau Nidh Aavai Dhai.

By remembering and meditating upon Guru Tegh Bahadur Ji nine treasures will be received very fast.

Sabh Thaai Ho-e Sahaai.

Present everywhere to assist us.

Dasvai Paatshaah Guru Gobind Singh Sahib Ji Sabh Thai Ho-e Sahaai.

The tenth sovereign/monarch Guru Gobind Singh Ji is present everywhere to provide assistance.

ੴ ਵਾਹਿਗੁਰੂ ਜੀ ਕੀ ਫ਼ਤਿਹ ।

ਸ੍ਰੀ ਭਗੌਤੀ ਜੀ ਸਹਾਇ ।

ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦ * ।

ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ ।

ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈਂ ਸਹਾਇ ।

ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ ।

ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ ।

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ।

ਸਭ ਥਾਈਂ ਹੋਇ ਸਹਾਇ ।

ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਭ ਥਾਂਈ ਹੋਇ ਸਹਾਇ ।

* – ਦਸਵੀਂ ਬੋਲੋ

Dasa Paatsaaheea di Jot Sri Guru Granth Sahib Ji, de Paath Deedaar Daa Dhiyaan Dhar Ke Bolo Ji Waheguru!

Think and meditate upon the divine light of the Ten Kings contained in the respected Sri Guru Granth Sahib JI and turn your thoughts to the divine teachings of and get pleasure by the sight of Sri Guru Granth Sahib JI: Utter Waheguru (Wondrous God!)

Panja Pyaaraae, Chauhaa Sahibzadiyae, Chaliya Mukhtyae, Huthiyae, Jupiyae, Tupiyae, Jina Nam Jupiyae, Vand Shakiyae, Deg Chalaaee, Teg Vaahee, Dekh Ke Andhith Keeta Tinhaa Pyariyaae, Sachiaariyaa Dee Kamaaee, Da Dhiyaan Dhar Ke Khalsa ji Bolo Ji , Waheguru.

Think of the deeds of the Five Beloved Ones, of the four sons of Guru Gobind Singh; of the forty Martyrs; of the brave Sikhs of indomitable determination; of the devotees steeped in the colour of the Name; of those who were absorbed in the Name; of those who remembered the Name and shared their food in companionship; of those who started free kitchens; of those who wielded their swords (for preserving truth); of those who overlooked others shortcomings. All the abovementioned were pure and truly devoted ones. Utter Waheguru (Wondrous God!)

ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ,ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾ ਨਾਮ ਜਪਿਆ, ਵੰਡ ਛਕਿਆਂ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ, ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ ।

| | |
|---|---|
| Jinaa Singhaa Singhneeyaa Ne Dharam Het Sees Dithe, Band Band Kattai, Khopriya Luhayiya, Charukhriya Te Churhe, Aariaa Naal Chiraae Gai, Gurdwaraiya Di Seva Layee Kurbaniya Keethiyae, Dharam Nehee Haariye, Sikhi Kesaa Suwaasaa Naal Nibaahee, Tina Dee Kamaaee Daa Dhiyaan Dhar Ke Bolo Ji Waheguru. | Think of and remember the unique service rendered by those brave Sikh men as well as women, who sacrificed their heads but did not surrender their Sikh religion; who had themselves cut to pieces from each of the joints of their bodies; who had their scalps removed; who were tied and rotated on the wheels and broken into pieces; who were cut by saws; who were flayed alive; who sacrificed themselves to upkeep the dignity of the Gurdwaras; who did not abandon their Sikh faith; who kept their Sikh religion and saved their long hair till their last breath. Utter Waheguru (Wondrous God !) |
| Panja Takhta Sarbat Gurdwariyae Daa Dhiyaan Dhar Ke Bolo Ji Waheguru. | Turn your thoughts to all of the seats of Sikh religion and all the Gurdwaras; utter Waheguru (Wondrous God !) |

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀ ਹਾਰਿਆਂ, ਸਿਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ ।

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ, ਬੋਲੋ ਜੀ ਵਾਹਿਗੁਰੂ ।

Prithme Sarbat Khalsa Ji Ki Ardas Hai Ji, Sarbat Khalsa Ji Ko Waheguru Waheguru Waheguru Chit Aavai Chit Aavan Ka Sadkaa Sarab Sukh Hovai.

First the entire respected Khalsa make this supplication that may they meditate on Your Name, and may all pleasures and comforts come through such meditation.

Jahaa Jahaa Khalsa Ji Saahib, Tahaa Tahaa Rachhiya Riyaa-it, Deg Teg Fateh, Brid Ki Paij, Panth Ki Jeet, Sree Saahib Ji Sahaai Khalse Ji Ko Bol Baaley, Bolo Ji Waheguru.

Wherever respected Khalsa is present, give Your protection and grace; May the free kitchen and sword never fail; maintain the honour of your devotees; confer victory upon the Sikh people; may the respected sword always come to our assistance; May the Khalsa always get honours, Utter Waheguru (Wondrous God !)

Sikhaa Noo Sikhee Daan, Kesh Daan, Rehit Daan, Bibek Daan, Visah Daan, Bharosaa Daan, Daanaa Sir Daan Naam Daan, Sree Amritsar Ji Dai Darshan Ishnan Chounkiyaa Jhande Bunge Jugo Jug Attal, Dharam Ka Jai Kaar Bolo Ji Waheguru, Waheguru!

Kindly confer upon the Sikhs the gift of Sikhism, the gift of long hair, the gift of observing Sikh laws, the gift of divine knowledge, the gift of firm faith, the gift of belief and the biggest gift of Name. O God! May the choirs, the mansion and the banners exist forever; may the truth ever triumph, Utter Waheguru (Wondrous God !)

ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ, ਸਰਬਤ ਖ਼ਾਲਸਾ ਜੀ ਕੋ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ। ਚਿੱਤ ਆਵੇ, ਚਿੱਤ ਆਵਨ ਕਾ ਸਦਕਾ, ਸਰਬ ਸੁਖ ਹੋਵੇ ।

ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆਂ ਰਿਆਇਤ, ਦੇਗ ਤੇਗ ਫਤਹਿ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ।

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਚੌਂਕੀਆ ਝੰਡੇ ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ ਬੋਲੋ ਜੀ ਵਾਹਿਗੁਰੂ।

Sikhaa Daa Man Neevaa, Mat Uchee, Mat Pat Daa Raakhaa Aap Waheguru.

May the minds of all the Sikhs remain humble and their wisdom exalted, O God! You are the protector of wisdom.

Hei Akaal-Purakh, Apne Panth De Sada Sahai Datar Jio || Sri Nankaanaa Sahib Tae Hor Gurdvaareaan, Gurdhaamaan Dae Jinhaan Ton Panth Noon Vichhor-eaa Geaa Hai Khullhae Darshan Deedaara Tae Sevaa Sanbhaal Daa Daan Khalsa Jee Noon Bakhsho.

O Immortal Being, eternal helper of the Panth, benevolent God, bestow on the Khalsa the beneficence of unobstructed visits to and free management of Sri Nankana Sahib and other Gurdwaras and places of the Gurus from which the Panth has been seperated.

Hey Nimaneeaa De Maan, Nitaneeaa De Taan, Nioteeaa Di Ot, Sachey Pita Waheguru (Aap Dae Hazur…).

O Immortal Being, eternal helper of the Panth, benevolent God, bestow on the Khalsa the beneficence of unobstructed visits to and free management of Sri Nankana Sahib and other Gurdwaras and places of the Gurus from which the Panth has been separated.

ਸਿਖਾਂ ਦਾ ਮਨ ਨੀਵਾਂ, ਮਤ ਉੱਚੀ, ਮਤ ਪਤ ਦਾ ਰਾਖਾ ਆਪਿ ਵਾਹਿਗੁਰੂ।

ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ॥ ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖਸ਼ੋ ॥

ਹੇ ਨਿਮਆਣਿਆ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ (ਆਪ ਜੀ ਦੇ ਹਜ਼ੂਰਿ...)

| | |
|---|---|
| Akhar Vaadhaa Ghaataa Bhul Chuk Maaf Karnee, Sarbat De Kaaraj Raas Karney. | Kindly pardon our errors and shortcomings in reciting the above Prayer. Kindly fulfil the objects of everyone. |
| Seyee Piyare Mel, Jina Miliya Teraa Naam Chit Aavai, Naanak Naam Chardi Kala, Tere Bhaaney Sarbat Daa Bhalaa. | Kindly cause us to meet those true devotees by meeting whom we may remember and meditate upon Your Name. O God! through the True Guru Nanak, may Your Name be exalted, and may everyone prosper according to Your will. |
| Waheguru Ji Ka Khalsa, Waheguru Ji Ki Fateh. | The pure belong to the Wonderful Lord, victory is the Wonderful Lord's. |

ਅੱਖਰ ਵਾਧਾ ਘਾਟਾ ਭੁੱਲ ਚੁੱਕ ਮਾਫ ਕਰਨੀ॥ ਸਰਬੱਤ ਦੇ ਕਾਰਜ ਰਾਸ ਕਰਨੇ॥

ਸੇਈ ਪਿਆਰੇ ਮੇਲ, ਜਿਨ੍ਹਆਂ ਮਿਲਿਆਂ ਤੇਰਾ ਨਾਮ ਚਿਤ ਆਵੇ॥ ਨਾਨਕ ਨਾਮ ਚੜ੍ਹਦੀ

ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ॥

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

## The DOHRAS (couplets) recited after the Ardas*

| | |
|---|---|
| Aagya bhai Akal ki Tabhi chalayo Panth, | The Panth is created by the command of the Akalpurkh. |
| Sab Sikhan ko hukum hai Guru Manyo Granth. | All Sikhs are commanded to believe the Granth as the Guru. |
| Guru Granth ji manyo pargat Guran ki deh. | Consider the Guru Granth as the living body of the Gurus. |
| jo, prabh ko milbo chahe khoj shabad meh le | Attainment of the Divine is through purity of heart and search through the Shabad (the Guru's Word). |
| Raj karega Khalsa aqi rahei na koe[1[ | The Khalsa shall rule, and no one will stay rebellious, having exhausted themselves. |
| Khuaar hoe sabha milaingye bache saraṇa jo hoe. | all will join (the Khalsa) and he alone who comes into the shelter (of the Khalsa) will be saved. |
| Waheguru naam jahaz hai, chaṛe so utare par. | Need English Explanation |
| Jo saradha kar sevade, gur par utaran har. | Need English Explanation |
| JAIKARRA | Bole So Nihal Sat Sri Akal. |

***Three dohras (couplets) are recited as part of the daily Ardas. The first two are from the Panth Prakash written by Giani Gian Singh (1822-1921) a poet and historian. The third couplet is by Bhai Nand Lal Ji and the fourth couplet traditionally adopted by the paanth.**

## ਦੋਹਰਾ ਅਰਦਾਸ ਉਪਰੰਤ*

ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ ।

ਸਭਿ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ ।

ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹਿ ।

ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੈਂ ਲੇਹ ।

ਰਾਜ ਕਰੇਗਾ ਖ਼ਾਲਸਾ, ਆਕੀ ਰਹੈ ਨ ਕੋਇ ।

ਖੁਆਰ ਹੋਇ ਸਭ ਮਿਲੈਂਗੇ, ਬਚੇ ਸਰਣ ਜੋ ਹੋਏ ।

ਵਾਹਿਗੁਰੂ ਨਾਮ ਜਹਾਜ਼ ਹੈ, ਚੜ੍ਹੇ ਸੋ ਉਤਰੇ ਪਾਰ ।

ਜੋ ਸ਼ਰਧਾ ਕਰ ਸੇਵਦੇ, ਗੁਰ ਪਾਰ ਉਤਾਰਨ ਹਾਰ ।

ਜੈਕਾਰਾ *ਬੋਲੇ ਸੋ ਨਿਹਾਲ , ਸਤਿ ਸ੍ਰੀ ਅਕਾਲ

ਅਰਦਾਸ ਉਪਰੰਤ ਇਹ ਦੋਹਰੇ ਪੜ੍ਹੇ ਜਾਂਦੇ ਹਨ । ਪਹਿਲੇ ੨ ਦੋਹਰੇ "ਪੰਥ ਪ੍ਰਕਾਸ਼" ਵਿਚੋਂ ਹਨ । {ਲੇਖਕ – ਗਿਆਨੀ ਗਿਆਨ ਸਿੰਘ (੧੮੨੨-੧੯੨੧) ਪ੍ਰਸਿੱਧ ਕਵੀ ਤੇ ਇਤਿਹਾਸਕਾਰ} ਤੀਜਾ ਦੋਹਰਾ ਭਾਈ ਨੰਦ ਲਾਲ ਸਿੰਘ ਜੀ ਦਾ ਤੇ ਚੌਥਾ ਦੋਹਰਾ ਪੰਥਕ ਰਵਾਇਤੀ ਹੈ ।

# APPENDICES

# ਅੰਤਿਕਾਵਾਂ

# STAND ALONE ARDAS

# ਵਿਅਕਤੀਗਤ ਅਰਦਾਸ

### *Seek blessings just after waking up*

Hey gurpita jio! aap ji di kirpa sadaka rat aap ji de bhaṇe vich batit hoi hai ji. Din charhia hai aapṇe bhaṇe vich batit karavauṇa. Waheguru aap ji da shukar hai, shukar hai, shukar hai

Dear Guruji, by Your grace the night has passed, and a new day has arisen. Please guide us peacefully/safely through this new day. Thank you, Thank you, Thank you.

### *Blessings for being given another day in this world*

Hey Waheguru ji, aap ji di kirpa sadka nava din aramb hoyia hai, aap kamayabi ate naam di dat baksh ke is din nu safla krna ji.

Dear Waheguru Ji, thank you very much for blessing me with another new day. In this day, please bless me with success and the boon of your Naam.

### *Seek blessings*

Hey Waheguru jī, āap ji di mihar naal din sukhan naal batit hoia hai. Huṇ rat aie sukhan naal batit karvauni ji. Sauṇ tō pahilan sōhila sahib ji dā paaṭh kita hai jī. Sukh di needar bakshani ji.

Thank you Waheguru Ji for blessing us with a peaceful day. The day went very well by your will. Kirtan Sohila has been done prior to sleep. Please bless for the night to be peaceful.

## ਨਵਾਂ ਦਿਨ ਬਖਸ਼ਿਆ (ਤੜਕੇ ਉਠਦੇ ਸਾਰ)

ਹੇ ਗੁਰ ਪਿਤਾ ਜੀਓ! ਆਪ ਜੀ ਦੀ ਕਿਰਪਾ ਸਦਕਾ ਰਾਤ ਆਪ ਜੀ ਦੇ ਭਾਣੇ ਵਿੱਚ ਬਤੀਤ ਹੋਈ ਹੈ । ਦਿਨ ਚੜ੍ਹਿਆ ਹੈ, ਆਪਣੇ ਭਾਣੇ ਵਿੱਚ ਬਤੀਤ ਕਰਵਾਉਣਾ । ਵਾਹਿਗੁਰੂ ਆਪ ਜੀ ਦਾ ਸ਼ੁਕਰ ਹੈ, ਸ਼ੁਕਰ ਹੈ ਸ਼ੁਕਰ ਹੈ ।

## ਦਿਨ ਦੀ ਸ਼ੁਰੂਆਤ (ਸ਼ੁਭ ਦਿਨ ਲਈ ਬੇਨਤੀ)

ਹੇ ਵਾਹਿਗੁਰੂ ਜੀ! ਆਪ ਜੀ ਦਾ ਲੱਖ ਲੱਖ ਸ਼ੁਕਰ ਹੈ, ਆਪ ਜੀ ਦੀ ਕਿਰਪਾ ਸਦਕਾ ਨਵਾਂ ਦਿਨ ਅਰੰਭ ਹੋਇਆ ਹੈ। ਆਪ ਕਾਮਯਾਬੀ ਅਤੇ ਨਾਮ ਦੀ ਦਾਤ ਬਖ਼ਸ਼ ਕੇ ਇਸ ਦਿਨ ਨੂੰ ਸਫ਼ਲਾ ਕਰਨਾ ਜੀ ।

## ਸ਼ੁਕਰਾਨਾ ਅਤੇ ਮਿਹਰ ਦੀ ਅਰਦਾਸ

ਹੇ ਵਾਹਿਗੁਰੂ ਜੀ! ਆਪ ਜੀ ਦੀ ਮਿਹਰ ਨਾਲ ਦਿਨ ਸੁੱਖਾਂ ਨਾਲ ਬਤੀਤ ਹੋਇਆ ਹੈ । ਹੁਣ ਰਾਤ ਆਈ ਸੁੱਖਾਂ ਨਾਲ ਬਤੀਤ ਕਰਵਾਉਣੀ ਜੀ । ਸੌਣ ਤੋ ਪਹਿਲਾਂ ਸੋਹਿਲਾ ਸਾਹਿਬ ਜੀ ਦਾ ਪਾਠ ਕੀਤਾ ਹੈ ਜੀ । ਸੁਖ ਦੀ ਨੀਂਦਰ ਬਖ਼ਸ਼ਣੀ ਜੀ।

***Prayers whilst showering***

Dhan dhan Sri Guru Granth Sahib ji (5 vari), waheguru, Waheguru, Waheguru, Waheguru, Waheguru, Waheguru, Waheguru, Waheguru, Waheguru ……

Dhan Dhan Shri Guru Granth Sahib Ji (5 times) followed by Waheguru, Waheguru, Waheguru, Waheguru, Waheguru, Waheguru, Waheguru, Waheguru…….

**Before Meals/After Meals**

Dhadhaa Dhaathaa Eaek Hai Sabh Ko Dhaevanehaar ||

The One and only Lord is the great Giver who is the Giver to one and all.

Dhaenadhae Thott N Aavee Aganath Bharae Bhanddaar ||

He never has any shortage as his countless warehouses are filled with unlimited bounties.

Jis Dhaa Dhithaa Khaavanaa This Keheeai Saabaas |

Let us all celebrate Him and express our gratitude from whom we receive our gifts and nourishment.

Nanak Hukam N Chalee Naal Khasam Chalai Aradhaas ||22||

O Nanak! Not commands, but only humble prayers and requests work with the Lord Master. ||22||

## ਇਸ਼ਨਾਨ / ਨਹਾਉਣ ਸਮੇਂ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ !(੫ ਵਾਰੀ), ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ..........

## ਪ੍ਰਸ਼ਾਦਾ ਛੱਕਣ ਤੋਂ ਪਹਿਲਾਂ

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ

ਦੇਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ।

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ।

ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ

# Daily Nitnem

## *Seeking blessings after Daily Nitnem*

Waheguru ji ! aap ji di kirpa duara das (sewak) ardas kar riha hai shukar hai, shukar hai, shukar hai aap ji ne kirpa kiti nitnem da path karan da udam bakhshasia, aap ji da bahut-bahut dhanvad.

Gurbani de paaṭh karadian, aneka prakar dian hoian bhulan chukan muaph karnian, gurbani parhi pravan karni ate lekhe launi. Aage ton sudh bani ate seva karan da bal udam bakhshana. Pari suni bani da bhav hiradian vich vasaunan, daron gharon gur sikhi jivan chardi kala bakhshani ji. Aapne charan kavalan da oat asra bakhshana. Parivara te mihar bharia hath rakhana, tandarusati bakhshani ate ang sang sahai hona.

Waheguru Ji ! with your blessings, I, your servant make this humble "ardas /prayer". Thank you for giving me the ability to recite the daily prayer, I am forever grateful. While reciting the Gurbani Path,

I could have made numerous mistakes, please forgive me. Please accept my recitation of Gurbani, and bless me with the ability to recite it correctly as well as give me the strength and zeal to continue to perform this sewa. Bless me to love and understand the recited Gurbani and Gur Sikhi life to live in high morale. Bless me with *shelter* at your feet. Watch over my family with your protective hand so that we stay healthy and well.

## ਨਿਤਨੇਮ
## ਨਿਤਨੇਮ ਦੇ ਪਾਠ ਦੀ ਅਰਦਾਸ

ਵਾਹਿਗੁਰੂ ਜੀ! ਆਪ ਜੀ ਦੀ ਕਿਰਪਾ ਸਦਕਾ ਦਾਸ (ਸੇਵਕ) ਅਰਦਾਸ ਕਰ ਰਿਹਾ ਹੈ, ਸ਼ੁਕਰ ਹੈ, ਸ਼ੁਕਰ ਹੈ, ਸ਼ੁਕਰ ਹੈ, ਆਪ ਜੀ ਨੇ ਕਿਰਪਾ ਕੀਤੀ ਨਿੱਤਨੇਮ ਦਾ ਪਾਠ ਕਰਨ ਦਾ ਉਦਮ ਬਖ਼ਸ਼ਿਆ, ਆਪ ਜੀ ਦਾ ਬਹੁਤ-ਬਹੁਤ ਧੰਨਵਾਦ ।

ਗੁਰਬਾਣੀ ਦੇ ਪਾਠ ਕਰਦਿਆਂ, ਅਨੇਕ ਪ੍ਰਕਾਰ ਦੀਆਂ ਹੋਈਆਂ ਭੁੱਲਾਂ ਚੁੱਕਾਂ ਮੁਆਫ਼ ਕਰਨੀਆਂ, ਗੁਰਬਾਣੀ ਪੜ੍ਹੀ ਪ੍ਰਵਾਨ ਕਰਨੀ ਅਤੇ ਲੇਖੇ ਲਾਉਣੀ । ਅੱਗੇ ਤੋਂ ਸ਼ੁੱਧ ਬਾਣੀ ਅਤੇ ਸੇਵਾ ਕਰਨ ਦਾ ਬੱਲ, ਉੱਦਮ ਬਖ਼ਸ਼ਣਾ । ਪੜ੍ਹੀ ਸੁਣੀ ਬਾਣੀ ਦਾ ਭਾਵ ਹਿਰਦਿਆਂ ਵਿੱਚ ਵਸਾਉਣਾ, ਦਰੋਂ ਘਰੋਂ ਗੁਰ ਸਿੱਖੀ ਜੀਵਨ, ਚੜ੍ਹਦੀ ਕਲਾ ਬਖ਼ਸ਼ਣੀ ਜੀ । ਆਪਣੇ ਚਰਨ ਕੰਵਲਾਂ ਦਾ ਓਟ ਆਸਰਾ ਬਖ਼ਸ਼ਣਾ । ਪਰਿਵਾਰ ਤੇ ਮਿਹਰਾਂ ਭਰਿਆ ਹੱਥ ਰੱਖਣਾ, ਤੰਦਰੁਸਤੀ ਬਖ਼ਸ਼ਣੀ ਅਤੇ ਅੰਗ ਸੰਗ ਸਹਾਈ ਹੋਣਾ ।

**ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥**
**ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥**

## Daily Nitnem and Rehraas paath with family

***Seek blessings to have had the privilege to do the paath. And to give the strength to continue it.***

Hey akal purakh datar pita jio! aap ji de kirpa sadaka sare parvar ne (Nitanem/Rehraas) da paaṭh kita. Aap ji da kotan kot dhanvad, parhi gurbani pravan karni ate lekhe launi. Aap ji ne ise tarhan hi aapne bani nal jori rakhana ji. Bani parhadian aneka parkar dian bhulan galatian ho sakadian han, anajan bache samajh ke bhulan di khiman karni Ji, age ton sumat bakhasini. Gursikhi jivan te nam dian datan bakhsho. Parivar te miharan bharia hath rakhana, tandarusati bakhshani ate ang sang sahai hona.

Dear Akal Purakh, Creater, Giver and Father! thank you for giving our family the privilege to do our (Nitnem / Rehraas) paath. We are forever to you grateful. Kindly accept our recitation and may it be worthy. Kindly keep us forever attached to our (Nitnem / Rehraas). We could have made uncountable mistakes while doing so, therefore please forgive us, your ignorant children. Kindly grant us wisdom, a Gursikhi life, Gift of Naam and always bless our family with good health and your support.

## ਪਰਿਵਾਰਕ ਅਰਦਾਸ – ਨਿਤਨੇਮ: ਰਹਿਰਾਸ ਸਾਹਿਬ ਦੀ ਅਰਦਾਸ ਪਰਿਵਾਰ ਨਾਲ

*ਨਿਤਨੇਮ ਅਤੇ ਰਹਿਰਾਸ ਕਰਨ ਦੀ ਜੋ ਮਾਨ ਵਡਿਆਈ ਬਖ਼ਸ਼ੀ ਅਤੇ ਇਸ ਸੇਵਾ ਨੂੰ ਨਿਰੰਤਰ ਨਿਭਾਉਣ ਦਾ ਬਲ ਉੱਦਮ ਉਤਸ਼ਾਹ ਬਖ਼ਸ਼ਣਾ ।*

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦੀ ਕਿਰਪਾ ਸਦਕਾ ਸਾਰੇ ਪਰਿਵਾਰ ਨੇ (ਨਿਤਨੇਮ / ਰਹਿਰਾਸ) ਦਾ ਪਾਠ ਕੀਤਾ । ਆਪ ਜੀ ਦਾ ਕੋਟਾਨ ਕੋਟ ਧੰਨਵਾਦ, ਪੜ੍ਹੀ ਗੁਰਬਾਣੀ ਪ੍ਰਵਾਨ ਕਰਨੀ ਅਤੇ ਲੇਖੇ ਲਾਉਣੀ । ਆਪ ਜੀ ਨੇ ਇਸੇ ਤਰ੍ਹਾਂ ਹੀ (ਬਾਣੀ) ਨਾਲ ਜੋੜੀ ਰੱਖਣਾ ਜੀ । ਬਾਣੀ ਪੜ੍ਹਦਿਆਂ ਅਨੇਕ ਪ੍ਰਕਾਰ ਦੀਆਂ ਭੁੱਲਾਂ ਗਲਤੀਆਂ ਹੋ ਸਕਦੀਆਂ ਹਨ, ਅਨਜਾਣ ਬੱਚੇ ਸਮਝ ਕੇ ਭੁੱਲਾਂ ਦੀ ਖਿਮਾਂ ਕਰਨੀ ਜੀ, ਅੱਗੇ ਤੋਂ ਸੁਮੱਤ ਬਖ਼ਸ਼ਣੀ । ਗੁਰਸਿੱਖੀ ਜੀਵਨ ਤੇ ਨਾਮ ਦੀਆਂ ਦਾਤਾਂ ਬਖ਼ਸ਼ੋ । ਪਰਿਵਾਰ ਤੇ ਮਿਹਰਾਂ ਭਰਿਆ ਹੱਥ ਰੱਖਣਾ, ਤੰਦਰੁਸਤੀ ਬਖ਼ਸ਼ਣੀ ਅਤੇ ਅੰਗ ਸੰਗ ਸਹਾਈ ਹੋਣਾ ।

**ਹਰਿ ਜੀ ਲਾਜ ਰਖਹੁ ਹਰਿ ਜਨ ਕੀ ॥**
**ਹਰਿ ਹਰਿ ਜਪਨੁ ਜਪਾਵਹੁ ਅਪਨਾ ਹਮ ਮਾਗੀ ਭਗਤਿ ਇਕਾਕੀ ॥**
**ਰਹਾਉ ॥**

## Birthday celebrations

### *Self*

Hey akal purakh jio aj das da janam din hai. Aap ji di bakhsi hoi umar layi bahut dhanvad. Ise tarhan das te kirpa karni. Apane dar ghar ton gursikhi, naam bani di dat, dharam karaj karan di bakhsis karade rahina.

Dear Akal Purakh, the Creator! today is my birthday. Thank you for giving me this life and the years to date. Kindly continue to bless me always.

### *For Others*

Hey akal purakh jio aap ji di kirpa sadka aap ji de sewak… *…. da janam din mana rahe han. Aap miharan bharia hath aapne sewak de ser te rakhana. Os nū gurū ji de dase marag te turun layi bal ate budhi bakhashani, vidia ate tandrusati bakhashani. Waheguru ji aap ji da bahut, bahut shukar hai, shukar hai, shukar hai.

Dear Akal Purakh the Creator! through your mercy, we are celebrating ……*…….'s birthday. Please always keep your merciful watch over him/her, bless him/her with a Gursikhi life, wisdom, education and health. Thank you very much Guru Ji.

…* - Name of person's birthday…

## ਜਨਮ ਦਿਨ ਮਨਾਉਣਾ

**ਦਾਸ: (ਆਪਣੇ ਆਪ ਲਈ ਅਰਦਾਸ)**

ਹੇ ਅਕਾਲ ਪੁਰਖ ਜੀਓ! ਅੱਜ ਦਾਸ ਦਾ ਜਨਮ ਦਿਨ ਹੈ । ਆਪ ਜੀ ਦੀ ਬਖ਼ਸ਼ੀ ਹੋਈ ਉਮਰ ਲਈ ਬਹੁਤ ਧੰਨਵਾਦ ਹੈ ਜੀ । ਇਸੇ ਤਰ੍ਹਾਂ ਦਾਸ ਤੇ ਕਿਰਪਾ ਕਰਨੀ। ਆਪਣੇ ਦਰ ਘਰ ਤੋਂ ਗੁਰਸਿਖੀ, ਨਾਮ ਬਾਣੀ ਦੀ ਦਾਤ, ਧਰਮ ਕਾਰਜ ਕਰਨ ਦੀ ਬਖ਼ਸ਼ਿਸ਼ ਕਰਦੇ ਰਹਿਣਾ।

**ਦੂਜਿਆਂ ਲਈ ਅਰਦਾਸ:**

ਹੇ ਅਕਾਲ ਪੁਰਖ ਜੀਓ! ਆਪ ਜੀ ਦੀ ਕਿਰਪਾ ਸਦਕਾ ਆਪ ਜੀ ਦੇ ਸੇਵਕ ....*............ਦਾ ਜਨਮ ਦਿਨ ਮਨਾ ਰਹੇ ਹਾਂ ਜੀ । ਆਪ ਜੀ ਨੇ ਮਿਹਰਾਂ ਭਰਿਆ ਹੱਥ ਆਪਣੇ ਸੇਵਕ ਦੇ ਸਿਰ ਤੇ ਰੱਖਣਾ ਜੀ । ਉਸ ਨੂੰ ਗੁਰੂ ਜੀ ਦੇ ਦੱਸੇ ਮਾਰਗ ਤੇ ਤੁਰਨ ਲਈ ਬਲ ਅਤੇ ਬੁੱਧੀ ਬਖ਼ਸ਼ਣੀ, ਵਿੱਦਿਆ ਦਾਨ ਅਤੇ ਤੰਦਰੁਸਤੀ ਬਖ਼ਸ਼ਣੀ ਜੀ । ਵਾਹਿਗੁਰੂ ਜੀ! ਆਪ ਜੀ ਦਾ ਬਹੁਤ, ਬਹੁਤ ਸ਼ੁਕਰ ਹੈ, ਸ਼ੁਕਰ ਹੈ, ਸ਼ੁਕਰ ਹੈ ।

**ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰਿ ਬਹੁਰਿ ਦੁਖੁ ਪਾਇਆ ॥**

**ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ ॥੧॥**

## Examinations

***Before proceeding for Examinations***

***For Others***

Hey akal purakh datar pita jio, aap ji di kirpa de naal, aap ji da bacha/ bachi ……*……. imatihan lai ja riha hai ji. Aap ji ne aapna miharan bharia hath ser te rakhana ji. Pūre utashah ate udam de naal imatihan vich baiṭhan di bal budhi bakhashani. Imatihan vich ang sang sahai hona.

Dear Akal Purakh, Giver, Father! It is with your grace, your child ……*….. is going to sit for an examination. Kindly place Your merciful hand on your child's head; grant him/her the strength and wisdom to complete his/her exam with confidence.

***Self***

Guru ji mere te apni kirpa karo ate mainu sedh devo tan jo main prikhia pepar changa kar sakan. He guru Pita ji, kirapa karo, kirapa karo, kirapa karo, aj aap ji de bache nu imatihanan vich safalta bakhashani. Miharan bharia hath rakhana ji. Pure utashah ate udam de naal imtiham wich baithan di budhi bakshani ji.

Guru Ji, please shower me with your blessings and guidance so that I can do my papers well. Dear Guru Ji, please grant this child of yours success in exams, keep your protective hand over to grant me strength and wisdom to complete my exams with confidence.

***Imatihan da paracha milan samen***

Waheguru, Waheguru, Waheguru datar pita jio, ang sang sahai hona.

Moments before receiving examination papers-

Waheguru, Waheguru, Waheguru please keep your protective (watchful) hand over me.

…*…- Name of child

## ਪ੍ਰੀਖਿਆ / ਇਮਤਿਹਾਨ
## ਪ੍ਰੀਖਿਆ / ਇਮਤਿਹਾਨ ਲਈ ਜਾਣ ਤੋਂ ਪਹਿਲਾਂ

**ਦੂਜਿਆਂ ਲਈ ਅਰਦਾਸ:**

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦੀ ਕਿਰਪਾ ਦੇ ਨਾਲ, ਆਪ ਜੀ ਦਾ ਬੱਚਾ/ਬੱਚੀ ......*...... ਇਮਤਿਹਾਨ ਲਈ ਜਾ ਰਿਹਾ ਹੈ ਜੀ। ਆਪ ਜੀ ਨੇ ਆਪਣਾ ਮਿਹਰਾਂ ਭਰਿਆ ਹੱਥ ਸਿਰ ਤੇ ਰੱਖਣਾ ਜੀ, ਪੂਰੇ ਉਤਸ਼ਾਹ ਅਤੇ ਉੱਦਮ ਦੇ ਨਾਲ ਇਮਤਿਹਾਨ ਵਿੱਚ ਬੈਠਣ ਦਾ ਬਲ ਅਤੇ ਬੁੱਧੀ ਬਖ਼ਸ਼ਣੀ ਜੀ। ਇਮਤਿਹਾਨ ਵਿੱਚ ਅੰਗ ਸੰਗ ਸਹਾਈ ਹੋਣਾ।

**ਦਾਸ: (ਆਪਣੇ ਆਪ ਲਈ ਅਰਦਾਸ)**

ਗੁਰੂ ਜੀ! ਮੇਰੇ ਤੇ ਆਪਣੀ ਕਿਰਪਾ ਕਰੋ ਅਤੇ ਮੈਨੂੰ ਸੇਧ ਦੇਵੋ ਤਾਂ ਜੋ ਮੈਂ ਪ੍ਰੀਖਿਆ ਪੇਪਰ ਚੰਗਾ ਕਰ ਸਕਾਂ। ਹੇ ਗੁਰੂ ਪਿਤਾ ਜੀ, ਕਿਰਪਾ ਕਰੋ, ਕਿਰਪਾ ਕਰੋ, ਕਿਰਪਾ ਕਰੋ, ਅੱਜ ਆਪ ਜੀ ਨੇ ਬੱਚੇ ਨੂੰ ਇਮਤਿਹਾਨਾਂ ਵਿੱਚ ਸਫਲਤਾ ਬਖ਼ਸ਼ਣੀ ਜੀ। ਮਿਹਰਾਂ ਭਰਿਆ ਹੱਥ ਰੱਖਣਾ ਜੀ। ਪੂਰੇ ਉਤਸ਼ਾਹ ਅਤੇ ਉੱਦਮ ਦੇ ਨਾਲ ਇਮਤਿਹਾਨ ਵਿੱਚ ਬੈਠਣ ਦਾ ਬਲ ਅਤੇ ਬੁੱਧੀ ਬਖ਼ਸ਼ਣੀ ਜੀ।

**ਇਮਤਿਹਾਨ ਦਾ ਪਰਚਾ ਮਿਲਣ ਸਮੇਂ:** ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਾਤਾਰ ਪਿਤਾ ਜੀਓ, ਅੰਗ ਸੰਗ ਸਹਾਈ ਹੋਣਾ।

**ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥**

...* – ਬੱਚਾ/ਬੱਚੀ ਦਾ ਨਾਮ

## Examinations

*Upon Completion of Examinations*

### *For Others*

Hey akal purakh datar pita jio! aap ji di kripa ate diti hoi mat de anusar aap ji de sewak ne changa pepar dita han. Aap ji da bahut dhanvad hai ji.

Dear Akal Purakh, Giver, Father Ji ! by your grace and given wisdom, your humble servant has done well in his papers. We are very grateful to you.

### *Self*

Hey Waheguru ji aap ji ne kirpa kiti mainu imatihanan vich safalta bakhshi hai. Aap ji da sewak aap ji da kot an kot shukarana karda hai. Aap ji ise tarhan kirpa karke safalta te, vidia dan bakhshana, naam di dat te gursikhi jivan bakhshana.

Dear Waheguru Ji ! with your blessings (and guidance), I was successful in my examinations. I am very grateful to you. Please continue to bless me with success in studies, and bless me with GurSikhi life(style) and the gift of Naam.

## ਪ੍ਰੀਖਿਆ / ਇਮਤਿਹਾਨ
## ਇਮਤਿਹਾਨ ਦੀ ਸੰਪੂਰਨਤਾ ਤੇ

### ਦੂਜਿਆਂ ਲਈ ਅਰਦਾਸ:

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦੀ ਕਿਰਪਾ ਅਤੇ ਦਿੱਤੀ ਹੋਈ ਮੱਤ ਦੇ ਅਨੁਸਾਰ ਆਪ ਜੀ ਦੇ ਸੇਵਕ ਦੇ ਪੇਪਰ ਚੰਗੇ ਹੋਏ ਹਨ । ਆਪ ਜੀ ਦਾ ਬਹੁਤ ਧੰਨਵਾਦ ਹੈ ਜੀ ।

### ਦਾਸ: (ਆਪਣੇ ਆਪ ਲਈ ਅਰਦਾਸ)

ਹੇ ਵਾਹਿਗੁਰੂ ਜੀ! ਆਪ ਜੀ ਨੇ ਕਿਰਪਾ ਕੀਤੀ ਮੈਨੂੰ ਇਮਤਿਹਾਨਾਂ ਵਿੱਚ ਸਫ਼ਲਤਾ ਬਖ਼ਸ਼ੀ ਹੈ । ਆਪ ਜੀ ਦਾ ਸੇਵਕ ਆਪ ਜੀ ਦਾ ਕੋਟਾਨ ਕੋਟ ਸ਼ੁਕਰਾਨਾ ਕਰਦਾ ਹੈ । ਆਪ ਜੀ ਇਸ ਤਰ੍ਹਾਂ ਕਿਰਪਾ ਕਰਕੇ ਅਗਾਂਹ ਨੂੰ ਵੀ ਸਫ਼ਲਤਾ ਤੇ ਵਿੱਦਿਆ ਦਾਨ ਬਖ਼ਸ਼ਣਾ, ਨਾਮ ਦੀ ਦਾਤ ਤੇ ਗੁਰਸਿੱਖੀ ਜੀਵਨ ਬਖ਼ਸ਼ਣਾ ਜੀ ।

**ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥**
**ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥**

## Interviews

***Seek blessings for an interview***

Hey akal purakh aap ji di kirpa sadaka aap ji da sewak ……*… inṭaraviu lai ja riha hai ji. Aap Ji ne sewak nu kamayabi bakhshani. Intaraviu de har parav da sahamana karadian, ang sang sahia hona ate aapne sewak da atam visavas banai rakhana ji..

Dear Akal Purakh! by your grace, I, your humble servant……*…… am going for an interview and throughout the interview please bless your humble servant with confidence, and grant me success.

***Seeking blessings after an Interview***

**Interviews**

Hey akal purakh aapa ji di kirpa sadaka aap ji de sewak da inṭaraviu samapat hoia hai ji. Apa ji da kot an-kot dhanvad hai, ki aap ji ne es intaraviu vich kamayabi bakhasi hai Ji.

Dear Akal Purakh! by your grace, I, your humble servant, have cleared my interview. Thank you for blessing me with success in my interview. Thank you!

…*- Name of person

…*……. Name of company/ university or college/course/ scholarship/job etc.

# ਇੰਟਰਵਿਊ

## ਇੰਟਰਵਿਊ ਤੇ ਜਾਣ ਤੋਂ ਪਹਿਲਾਂ ਦੀ ਅਰਦਾਸ

ਹੇ ਅਕਾਲ ਪੁਰਖ! ਆਪ ਜੀ ਦੀ ਕਿਰਪਾ ਸਦਕਾ ਆਪ ਜੀ ਦਾ ਸੇਵਕ ......*...... ਇੰਟਰਵਿਊ ਲਈ ਜਾ ਰਿਹਾ ਹੈ ਜੀ । ਆਪ ਜੀ ਨੇ ਸੇਵਕ ਨੂੰ ਕਾਮਯਾਬੀ ਬਖਸ਼ਣੀ । ਇੰਟਰਵਿਊ ਦੇ ਹਰ ਪੜਾਵ ਦਾ ਸਾਹਮਣਾ ਕਰਦਿਆਂ, ਅੰਗ ਸੰਗ ਸਹਾਈ ਹੋਣਾ ਅਤੇ ਆਪਣੇ ਸੇਵਕ ਦਾ ਆਤਮ ਵਿਸ਼ਵਾਸ ਬਣਾਈ ਰੱਖਣਾ ਜੀ ।

ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥
ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥੩॥

## ਇੰਟਰਵਿਊ ਉਪਰੰਤ ਅਰਦਾਸ

## ਇੰਟਰਵਿਊ

ਹੇ ਅਕਾਲ ਪੁਰਖ! ਆਪ ਜੀ ਦੀ ਕਿਰਪਾ ਸਦਕਾ ਆਪ ਜੀ ਦੇ ਸੇਵਕ ਦੀ ਇੰਟਰਵਿਊ ਸਮਾਪਤ ਹੋਈ ਹੈ ਜੀ । ਆਪ ਜੀ ਦਾ ਕੋਟਾਨ-ਕੋਟ ਧੰਨਵਾਦ ਹੈ, ਕਿ ਆਪ ਜੀ ਨੇ ਇਸ ਇੰਟਰਵਿਊ ਵਿੱਚ ਕਾਮਯਾਬੀ ਬਖਸ਼ੀ ਹੈ ਜੀ।

*ਵਿਅਕਤੀ ਦਾ ਨਾਮ

* - ਕੰਪਨੀ / ਯੂਨੀਵਰਸਿਟੀ ਜਾਂ ਕਾਲਜ ਵਗੈਰਾ / ਕੋਰਸ / ਸਕੌਲਰਸ਼ਿਪ / ਨੌਕਰੀ ਆਦਿ ਦਾ ਨਾਮ

## Travelling Overseas

***Before leaving Home***

### *Self*

Hey akal purakh datar pita jio, aap ji ne kirpa kiti, aap ji di bakhshish de naal, aap ji da sewak aapni manzila te pahuch gia hai ji. Aap ji da kot an kot dhanavad hai ji.

.

Dear Akal Purakh, Giver, Father Ji! by Your grace, I, Your humble servant will be leaving home on a journey (abroad) to……..*…… Please keep a protective (watchful) hand over me. Bless me to reach my destination safely.

### *Pilgrimage*

Hey akal purakh Waheguru ji! aap ji de dar ghar de sewak … *…. yatara te ja rahe han, rah paiṇḍe vich ang sang sahai ho-na. jinhan karajan lai ja rahe ne uhanan karajan vich safalta bakhshani. Aap ji ne kirapa karni, ang sang ho ke sewaka di yatara safali karni.

* - Name of the place

Dear Akal Purakh, Waheguru Ji! we, Your humble servants (family) are about to embark on a pilgrimage to ……*……., keep us safe and sound, bless us that we will be able to fulfil our goals/ intentions. Bless us so that we can safely / successfully complete our pilgrimage.

## ਵਿਦੇਸ਼ ਸਫ਼ਰ
## ਘਰੋਂ ਤੁਰਨ ਲੱਗਿਆਂ

**ਦਾਸ: (ਆਪਣੇ ਆਪ ਲਈ ਅਰਦਾਸ)**

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦੀ ਕ੍ਰਿਪਾ ਦੇ ਨਾਲ, ਆਪ ਜੀ ਦਾ ਸੇਵਕ ......*........ ਸਫ਼ਰ ਵਾਸਤੇ ਘਰੋਂ ਚੱਲਣ ਲੱਗਾ/ਲੱਗੀ ਹੈ ਜੀ। ਆਪ ਜੀ ਨੇ ਮਿਹਰਾਂ ਭਰਿਆ ਹੱਥ ਸਿਰ ਤੇ ਰੱਖਣਾ ਜੀ। ਅੰਗ-ਸੰਗ ਸਹਾਈ ਹੋ ਕੇ ਸਹੀ ਸਲਾਮਤ ਮੰਜ਼ਿਲ ਤੱਕ ਪਹੁੰਚਾਉਣ ਦੀ ਕਿਰਪਾ ਕਰਨੀ ਜੀ।

**ਯਾਤਰਾ:**

ਹੇ ਅਕਾਲ ਪੁਰਖ ਵਾਹਿਗੁਰੂ ਜੀ! ਆਪ ਜੀ ਦੇ ਦਰ ਘਰ ਦੇ ਸੇਵਕ ......*......... ਯਾਤਰਾ ਤੇ ਜਾ ਰਹੇ ਹਨ, ਰਾਹ ਪੈਂਡੇ ਵਿਚ ਅੰਗ ਸੰਗ ਸਹਾਈ ਹੋਣਾ। ਜਿੰਨ੍ਹਾਂ ਕਾਰਜਾਂ ਲਈ ਜਾ ਰਹੇ ਹਨ ਉਹਨਾਂ ਕਾਰਜਾਂ ਵਿੱਚ ਸਫ਼ਲਤਾ ਬਖ਼ਸ਼ਣੀ ਜੀ। ਆਪ ਜੀ ਨੇ ਕਿਰਪਾ ਕਰਨੀ, ਅੰਗ ਸੰਗ ਹੋ ਕੇ ਸੇਵਕਾਂ ਦੀ ਯਾਤਰਾ ਸਫ਼ਲੀ ਕਰਨੀ ਜੀ।

ਘਰਿ ਬਾਹਰਿ ਪ੍ਰਭੁ ਸਭਨੀ ਥਾਈ ॥
ਸੰਗਿ ਸਹਾਈ ਜਹ ਹਉ ਜਾਈ ॥੩॥

* - ਸਥਾਨ ਦਾ ਨਾਂ

## Travelling Overseas

### *Upon Arrival at Destination*

### *Self*

Hey akal purakh datar pita jio, aap ji ne kirpa kiti, aap ji di bakhshish de naal, aap ji da sewak aapni manzila te pahuch gia hai ji. Aap ji da kot an kot dhanavad hai ji.

Dear Akal Purakh, Giver, Father Ji! with your blessings and grace, your humble servant arrived at the destination safely. Thank you very much.

### *Pilgrimage*

Hey Waheguru ji aap ji ne kirpa kiti. Aap ji da sewak yatara kar-ake sukh shanti de naal vapasa ghar parivar vich pahuchia, aap ji da sewak paravar aap ji da shukarana karade han. Hamesha hi kamayabi te naam di dat bakhashani ji.

Dear Waheguru Ji! with Your blessing, your sewak (family) has returned home safely from a pilgrimage. We are very grateful and please bless us with your Naam and ability to succeed.

## ਵਿਦੇਸ਼ ਸਫ਼ਰ

## ਮੰਜ਼ਿਲ ਤੇ ਪਹੁੰਚਣ ਸਮੇਂ

**ਦਾਸ: (ਆਪਣੇ ਆਪ ਲਈ ਅਰਦਾਸ)**

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਨੇ ਕਿਰਪਾ ਕੀਤੀ, ਆਪ ਜੀ ਦੀ ਬਖ਼ਸ਼ਿਸ਼ ਦੇ ਨਾਲ, ਆਪ ਜੀ ਦਾ ਸੇਵਕ ਆਪਣੀ ਮੰਜ਼ਿਲ ਤੇ ਪਹੁੰਚ ਗਿਆ ਹੈ ਜੀ । ਆਪ ਜੀ ਦਾ ਕੋਟਾਨ ਕੋਟ ਧੰਨਵਾਦ ਹੈ ਜੀ ।

**ਯਾਤਰਾ:**

ਹੇ ਵਾਹਿਗੁਰੂ ਜੀ ਆਪ ਜੀ ਨੇ ਕਿਰਪਾ ਕੀਤੀ । ਆਪ ਜੀ ਦਾ ਸੇਵਕ ਯਾਤਰਾ ਕਰਕੇ ਸੁੱਖ-ਸ਼ਾਤੀ ਦੇ ਨਾਲ ਵਾਪਸ ਘਰ ਪਰਿਵਾਰ ਵਿੱਚ ਪਹੁੰਚਿਆ ਹੈ, ਆਪ ਜੀ ਦਾ ਸੇਵਕ ਪਰਵਾਰ ਆਪ ਜੀ ਦਾ ਸ਼ੁਕਰਾਨਾ ਕਰਦਾ ਹੈ । ਹਮੇਸ਼ਾਂ ਹੀ ਕਾਮਯਾਬੀ ਤੇ ਨਾਮ ਦੀ ਦਾਤ ਬਖ਼ਸ਼ਣੀ ਜੀ ।

**ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥**
**ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ ਹਰਿ ਰੰਗਿ ॥੧॥**

## Medical Conditions

***Before proceeding for medical treatment***

### *Self*

Hey akal purakh datar pita jio, aap ji da sewak ……*…… ilaj vasate chalia hai ji. Aap hamesha ang sang sahai hona ji ate tandarusati bakhashani ji. Ilaj karavaundian aap ji ne sewak nū chardi kala bakhashani.

Dear Akal Purakh, Giver, Father Jio! your humble servant …… *….. is going for a medical operation/ treatment. Please be with me to keep me safe and sound and in good health whilst undergoing the operation/ treatment. Please bless me to be in high spirits.

### *Pray for health and well being of family member*

Hey akal purakh waheguru jio, aap ji age benati hai, aap ji de dar ghar de pritavan sewak … *…….de ser te mehara bharia hat rakhana te sare dukh dur karane, tandarusati, , naam dan, Gursikhi jivana ate sukh shanti bakhasani ji.

.

Dear Akal Purakh Waheguru Jio! The loving servant of your house ……*…….. seeks your grace and support to remove all his/her sufferings. Bless him/ her with good health, a Gursikhi life, Gift of Naam, peace and contentment.

…* - Name of person…

## ਬਿਮਾਰੀ ਦੇ ਹਾਲਾਤ ਵਿੱਚ
## ਇਲਾਜ ਲਈ ਤੁਰਨ ਤੋਂ ਪਹਿਲਾਂ

**ਦਾਸ: (ਆਪਣੇ ਆਪ ਲਈ ਅਰਦਾਸ)**

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦਾ ਸੇਵਕ ...(੧) *..................... ਇਲਾਜ ਵਾਸਤੇ ਚੱਲਿਆ ਹੈ ਜੀ । ਆਪ ਹਮੇਸ਼ਾਂ ਅੰਗ ਸੰਗ ਸਹਾਈ ਹੋਣਾ ਅਤੇ ਤੰਦਰੁਸਤੀ ਬਖ਼ਸ਼ਣੀ ਜੀ । ਇਲਾਜ ਕਰਵਾਉਂਦਿਆਂ ਆਪ ਜੀ ਨੇ ਸੇਵਕ ਨੂੰ ਚੜ੍ਹਦੀ ਕਲ੍ਹਾ ਬਖ਼ਸ਼ਣੀ ਜੀ ।

(੧)* - ਆਪਣਾ ਨਾਮ

**ਪਰਿਵਾਰ ਦੇ ਮੈਂਬਰ ਲਈ ਤੰਦਰੁਸਤੀ ਦੀ ਅਰਦਾਸ:**

ਹੇ ਅਕਾਲ ਪੁਰਖ ਵਾਹਿਗੁਰੂ ਜੀਓ! ਆਪ ਜੀ ਅਗੇ ਬੇਨਤੀ ਹੈ, ਆਪ ਜੀ ਦੇ ਦਰ ਘਰ ਦੇ ਪ੍ਰੀਤਵਾਨ ਸੇਵਕ ...(੨)*.................. ਦੇ ਸਿਰ ਤੇ ਮੇਹਰ ਭਰਿਆ ਹੱਥ ਰੱਖਣਾ ਤੇ ਸਾਰੇ ਦੁੱਖ ਦੂਰ ਕਰਨੇ, ਤੰਦਰੁਸਤੀ, ਨਾਮ ਦਾਨ, ਗੁਰਸਿੱਖੀ ਜੀਵਨ ਅਤੇ ਸੁੱਖ ਸ਼ਾਂਤੀ ਬਖ਼ਸ਼ਣੀ ਜੀ ।

(੨)* - ਪਰਵਾਰ ਦੇ ਉਸ ਮੈਬਰ ਦਾ ਨਾਮ ਜਿਸ ਲਈ ਅਰਦਾਸ ਕੀਤੀ ਜਾ ਰਹੀ ਹੈ ।

* - ਵਿਅਕਤੀ ਦਾ ਨਾਂ

**ਰੋਗੀ ਕਾ ਪ੍ਰਭ ਖੰਡਹੁ ਰੋਗੁ ॥**
**ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ ॥**

## Medical Conditions

***Upon Completion of medical treatment***

### *Self (Option 1)*

Hey akal purakh datar pita jio! aapa ji da kot an kot dhanvad hai ji, apa ji ne apane sewak de ang sang ho ke kirpa kiti hai ji. Sarir ute ae rogaan da ilaj pūra hoia hai. Apa ji aapane sewak de ang sang sahai rahina ji. Apa ji ne apane sevak nū deha arogata, tadarusati di dat ate naam di dat bakhasani ji

Dear Akal Purakh, Giver, Father Jio! countless thanks for showering your grace on your humble servant and keeping me safe. I am very grateful. The treatment for the disease on my body has been completed. Please continue to keep me safe by your side. With your grace, keep your humble servant free from diseases. Bless me with a healthy body and give me the boon of Naam.

### *Self (Option 2)*

Hey Waheguru ji, aap ji de dar ghar de sewak valon aap ji da shukarana kita janda hai. Aap ji ne kirpa karake sewak da dukh dur kita ate tandarusati bakhashi hai, aap ji da kotan kot dhanvad. Aapne sewak di jhooli tandrusti ate naam bani naal bhrade rehna.

Dear Waheguru Ji! This sewak of your house thanks you for the blessings. With your grace and blessings, you have cured the disease/medical condition and given me/us good health again. Please bless me/us with the boon of your Naam.

## ਬਿਮਾਰੀ ਦੇ ਹਾਲਾਤ ਵਿੱਚ
## ਇਲਾਜ ਉਪਰੰਤ

**ਚੌਣ ੧:**

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦਾ ਕੋਟਾਨ ਕੋਟ ਧੰਨਵਾਦ ਹੈ ਜੀ, ਆਪ ਜੀ ਨੇ ਆਪਣੇ ਸੇਵਕ ਦੇ ਅੰਗ ਸੰਗ ਹੋ ਕੇ ਕਿਰਪਾ ਕੀਤੀ ਹੈ ਜੀ। ਸਰੀਰ ਉੱਤੇ ਆਏ ਰੋਗਾਂ ਦਾ ਇਲਾਜ ਪੂਰਾ ਹੋਇਆ ਹੈ। ਆਪ ਜੀ ਸਦਾ ਹੀ ਆਪਣੇ ਸੇਵਕ ਦੇ ਅੰਗ ਸੰਗ ਸਹਾਈ ਰਹਿਣਾ ਜੀ। ਆਪ ਜੀ ਨੇ ਆਪਣੇ ਸੇਵਕ ਨੂੰ ਦੇਹ ਅਰੋਗਤਾ, ਤੰਦਰੁਸਤੀ ਦੀ ਦਾਤ ਅਤੇ ਨਾਮ ਦੀ ਦਾਤ ਬਖ਼ਸ਼ਣੀ ਜੀ।

**ਵੈਦਾ ਸੰਦਾ ਸੰਗੁ ਇਕਠਾ ਹੋਇਆ ॥**
**ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥**

**ਚੌਣ ੨:**

ਪਰਿਵਾਰ ਦੇ ਮੈਂਬਰ ਲਈ ਤੰਦਰੁਸਤੀ ਦੀ ਅਰਦਾਸ:

ਹੇ ਵਾਹਿਗੁਰੂ ਜੀ! ਆਪ ਜੀ ਦੇ ਦਰ ਘਰ ਦੇ ਸੇਵਕ ਵੱਲੋਂ ਆਪ ਜੀ ਦਾ ਸ਼ੁਕਰਾਨਾ ਕੀਤਾ ਜਾਂਦਾ ਹੈ। ਆਪ ਜੀ ਨੇ ਕਿਰਪਾ ਕਰਕੇ ਸੇਵਕ ਦਾ ਦੁੱਖ ਦੂਰ ਕੀਤਾ ਹੈ ਅਤੇ ਤੰਦਰੁਸਤੀ ਬਖ਼ਸ਼ੀ ਹੈ। ਆਪ ਜੀ ਦਾ ਕੋਟਾਨ ਕੋਟ ਧੰਨਵਾਦ। ਆਪਣੇ ਸੇਵਕ ਦੀ ਝੋਲੀ ਤੰਦਰੁਸਤੀ ਅਤੇ ਨਾਮ-ਬਾਣੀ ਦੇ ਨਾਲ ਭਰਦੇ ਰਹਿਣਾ।

## Medical Conditions

***Pray for someone sick in hospital or in sickness***

Hey akal purakh datar pita jio, aap ji de dar ghar de sewak sardar/ biba.....*............. Ilaj lai pahuche han ji, aap ji ne miharan bharia hath sira te rakhana. Es bimari ton jaladi mukat karan di kirpa karni ate deh arogata sukh shanti bakhash ke nihal karna ji.

Dear Akal Purakh, Giver, Father Jio! Your humble servant, Sardar/Bibi …*……… has arrived here for medical treatment. Please place Your protective hand over his/her head. With your grace, please free him/her from this disease, and bless him/her with good health and peace again.

*Seek blessings for freedom from intoxicants*

Waheguru ji! das nasian di adata vich phasia hoia haa, hun das inhan nasian ton shuṭakara paun lai ardas kar riha hai, kirpa karke das nū bal budhi bakhasho ate ser te hath rakh ke das nū inhan vikaran ton shuṭakara baksho ji. Das nū mari sangat ton bachake rakhana ate aapne charanan naal jora ke rakhana, das dhanavadi hovega. Das nu changa jivan ate takat (himmat) bakhasho ji. Sda hi aapne charana naal jor ke rakhana.

Dear Waheguru Ji! I am addicted to intoxicants, and am praying to be freed from them. I seek your blessings to keep a watch over me, to help me kick this habit (drugs/drinks/ intoxicants) by providing mental strength. Please give me the wisdom to stay away from intoxicants and bad company. I will be forever grateful. Bless me with a good life and strong will power to sustain it. Bless me to stay connected to you always.

*Name of the person

## ਬਿਮਾਰੀ ਦੇ ਹਾਲਾਤ ਵਿੱਚ
## ਕਿਸੇ ਲਈ ਤੰਦਰੁਸਤੀ ਦੀ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦੇ ਦਰ ਘਰ ਦੇ ਸੇਵਕ ਸਰਦਾਰ/ ਬੀਬਾ ...*...... ਇਲਾਜ ਲਈ ਪਹੁੰਚੇ ਹਨ ਜੀ, ਆਪ ਜੀ ਨੇ ਮਿਹਰਾਂ ਭਰਿਆ ਹੱਥ ਸਿਰ ਤੇ ਰੱਖਣਾ ਜੀ। ਇਸ ਬਿਮਾਰੀ ਤੋਂ ਜਲਦੀ ਮੁਕਤ ਕਰਨ ਦੀ ਕਿਰਪਾ ਕਰਨੀ ਅਤੇ ਦੇਹ-ਅਰੋਗਤਾ. ਸੁੱਖ-ਸ਼ਾਤੀ ਬਖ਼ਸ਼ ਕੇ ਨਿਹਾਲ ਕਰਨਾ ਜੀ।

**ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥**
**ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥**

### ਗੁਰੂ ਜੀ ਪਾਸ ਨਸ਼ਿਆਂ ਦਾ ਤਿਆਗ ਕਰਨ ਲਈ ਬੇਨਤੀ

ਵਾਹਿਗੁਰੂ ਜੀ! ਦਾਸ ਨਸ਼ਿਆਂ ਦੀ ਆਦਤ ਵਿੱਚ ਫਸਿਆ ਹੋਇਆ ਹੈ, ਹੁਣ ਦਾਸ ਇਨ੍ਹਾਂ ਨਸ਼ਿਆਂ ਤੋਂ ਛੁਟਕਾਰਾ ਪਾਉਣ ਲਈ ਅਰਦਾਸ ਕਰ ਰਿਹਾ ਹੈ, ਕਿਰਪਾ ਕਰਕੇ ਦਾਸ ਨੂੰ ਬਲ ਬੁੱਧੀ ਬਖ਼ਸ਼ੋ ਅਤੇ ਸਿਰ ਤੇ ਹੱਥ ਰੱਖ ਕੇ ਦਾਸ ਨੂੰ ਸਦਾ ਲਈ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਬਖ਼ਸ਼ੋ ਜੀ। ਦਾਸ ਨੂੰ ਮਾੜੀ ਸੰਗਤ ਤੋਂ ਬਚਾ ਕੇ ਰੱਖਣਾ ਅਤੇ ਆਪਣੇ ਚਰਨਾਂ ਨਾਲ ਜੋੜ ਕੇ ਰੱਖਣਾ, ਦਾਸ ਧੰਨਵਾਦੀ ਹੋਵੇਗਾ। ਦਾਸ ਨੂੰ ਚੰਗਾ ਜੀਵਨ ਅਤੇ ਤਾਕਤ (ਹਿੰਮਤ) ਬਖ਼ਸ਼ੋ ਜੀ। ਸਦਾ ਹੀ ਆਪਣੇ ਚਰਨਾਂ ਨਾਲ ਜੋੜ ਕੇ ਰੱਖਣਾ ਜੀ।

*... ਸੇਵਕ/ਬੱਚੇ ਦਾ ਨਾਮ

## Seek blessings for protection against vices

Waheguru ji! aapa ji age benati hai ke, sanū marian burian adatan ton bacha ke changa jivan bakhaso ji. Sanu kusangat ton bachake rakhana, ate har prakar di sahaita karni.

Waheguru Ji! I seek your blessings to keep me away from vices and bad habits, keep me from becoming weak, falling to temptations, and help me overcome weaknesses which can affect my life. Please shelter and protect me from these.

### *Seek blessings for "new" daily ailments.*

Hey Waheguru Ji! He Sache Patshah! das da eh navan din aramb hoyia hai aap ji da dhanavaad hai ji. Eh din piara ate tuhaḍi dayah nal bateeth hove ji.

Waheguru Ji, O Eternal True Father! thank you for blessing me with another new day. Bless us with the ability to go through it with your merciful grace and love.

Hey Waheguru Ji! Sanu mansik, sarirak ate atamak takat bakhaso Ji, tan keh din bhar asee dharam de marag te chal sakie. Apana meharan bharia hath saḍe sira upar bana ke rakhana ji ate ang sang sahai ho ke sahi sangat, uche-shuche vicara ate gunah di bakhashas karani ji.

Waheguru Ji, bless us with emotional and physical strength, so that we can stay on the path of righteousness throughout the day. Bless me with your grace and guidance, good company, and virtuous thoughts.

## ਗੁਰੂ ਪਾਸੋਂ ਬੁਰਿਆਈਆ ਤੋਂ ਬਚਣ ਲਈ ਮੰਗ ਕਰਨੀ

ਵਾਹਿਗੁਰੂ ਜੀ! ਆਪ ਜੀ ਅਗੇ ਬੇਨਤੀ ਹੈ ਕੇ, ਸਾਨੂੰ ਮਾੜੀਆਂ ਬੁਰੀਆਂ ਆਦਤਾਂ ਤੋਂ ਬਚਾ ਕੇ ਚੰਗਾ ਜੀਵਨ ਬਖ਼ਸ਼ੋ ਜੀ । ਸਾਨੂੰ ਹਮੇਸ਼ਾਂ ਲਈ ਕੁਸੰਗਤ ਤੋਂ ਬਚਾ ਕੇ ਰੱਖਣਾ, ਅਤੇ ਹਰ ਪ੍ਰਕਾਰ ਦੀ ਸਹਾਇਤਾ ਕਰਨੀ ।

## ਦਿਨ ਦੀ ਸ਼ੁਰੂਆਤ ਤੇ ਅਰਦਾਸ

ਹੇ ਵਾਹਿਗੁਰੂ ਜੀ! ਹੇ ਸਚੇ ਪਾਤਸ਼ਾਹ! ਦਾਸ ਦਾ ਇਹ ਨਵਾਂ ਦਿਨ ਆਰੰਭ ਹੋਇਆ ਹੈ ਆਪ ਦਾ ਧੰਨਵਾਦ ਹੈ ਜੀ । ਇਹ ਦਿਨ ਪਿਆਰ ਅਤੇ ਤੁਹਾਡੀ ਦਇਆ ਨਾਲ ਬਤੀਤ ਹੋਵੇ ਜੀ ।

ਹੇ ਵਾਹਿਗੁਰੂ ਜੀ! ਸਾਨੂੰ ਮਾਨਸਿਕ, ਸ਼ਰੀਰਕ ਅਤੇ ਆਤਮਿਕ ਤਾਕਤ ਬਖ਼ਸ਼ੋ ਜੀ, ਤਾਂ ਕਿ ਦਿਨ ਭਰ ਅਸੀਂ ਧਰਮ ਦੇ ਮਾਰਗ ਤੇ ਚਲ ਸਕੀਏ । ਆਪਣਾ ਮਿਹਰਾਂ ਭਰਿਆ ਹਥ ਸਾਡੇ ਸਿਰ ਉੱਪਰ ਬਣਾ ਕੇ ਰਖਣਾ ਜੀ ਅਤੇ ਅੰਗ ਸੰਗ ਸਹਾਈ ਹੋ ਕੇ ਸਹੀ ਸੰਗਤ, ਉੱਚੇ-ਸੁੱਚੇ ਵਿਚਾਰ ਅਤੇ ਗੁਣਾਂ ਦੀ ਬਖ਼ਸ਼ਿਸ਼ ਕਰਨਾ ਜੀ ।

**ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥**
**ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥**
**ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥**

## *Seek Mercy from Guru Ji*

Waheguru Ji! Doveh hath jor ke benati hai Ji, mere sare dukha, kalesha nu khatam kar ke, mere jivan vich khushiiaa, kamayabi, prasidhi ate changa rutaba bakhasho ji. Kirapa karo ji, meriaan bhulan-chuka nu maaf kar ke mainu sahi vicharan ate shubh karam karan di sedh bakhasho ji.

Waheguru Ji, with both hands folded in prayer, my humble prayer to you is, please have mercy on me and end all the sufferings and pain from my life, and fill it with happiness, success, name and fame. Have mercy on me and pardon me for my past mistakes and guide me to acquire wisdom and ability to do good acts.

Hey Sache Patshah! Mainu man di shanti ate naam simran di daat bakhasho ji. Gurbani sikhia naal piaar ate vishavaas nu sada kaim rakhana da bal bakshna ji. Hamesha Chardiaan kalan vich rakhana ji.

O True King! Bless me with peace of mind and the gift of Naam Simran. May I always love and respect the Gurbani wisdom and maintain a loving faith on it. Always keep me in high spirits.

## ਸੁਖ-ਸ਼ਾਂਤੀ ਲਈ ਅਰਦਾਸ

ਵਾਹਿਗੁਰੂ ਜੀ! ਦੋਵੇਂ ਹਥ ਜੋੜ ਕੇ ਬੇਨਤੀ ਹੈ ਜੀ, ਮੇਰੇ ਸਾਰੇ ਦੁੱਖਾਂ, ਕਲੇਸ਼ਾਂ ਨੂੰ ਖ਼ਤਮ ਕਰ ਕੇ, ਮੇਰੇ ਜੀਵਨ ਵਿੱਚ ਖ਼ੁਸ਼ੀ, ਕਾਮਯਾਬੀ, ਪ੍ਰਸਿੱਧੀ ਅਤੇ ਚੰਗਾ ਰੁਤਬਾ ਬਖ਼ਸ਼ੋ ਜੀ । ਕਿਰਪਾ ਕਰੋ ਜੀ, ਮੇਰੀਆਂ ਭੁਲਾਂ-ਚੁੱਕਾ ਨੂੰ ਮੁਆਫ਼ ਕਰ ਕੇ ਮੈਨੂੰ ਸਹੀ ਵਿਚਾਰਾਂ ਅਤੇ ਸ਼ੁਭ ਕਰਮ ਕਰਣ ਦੀ ਸੇਧ ਬਖ਼ਸ਼ੋ ਜੀ ।

ਹੇ ਸੱਚੇ ਪਾਤਸਾਹ! ਮੈਨੂੰ ਮਨ ਦੀ ਸ਼ਾਂਤੀ ਅਤੇ ਨਾਮ ਸਿਮਰਨ ਦੀ ਦਾਤ ਬਖ਼ਸ਼ੋ ਜੀ । ਗੁਰਬਾਣੀ ਸਿਖਿਆ ਨਾਲ ਪਿਆਰ ਅਤੇ ਵਿਸ਼ਵਾਸ ਨੂੰ ਸਦਾ ਕਾਇਮ ਰਖਣਾ ਦਾ ਬਲ ਬਖ਼ਸ਼ਣਾ ਜੀ । ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਖਣਾ ਜੀ ।

**ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥**
**ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥**

### *Plea for blessings to bond with child/children*

Waheguru Ji! Mai apane bache de uch achran ate safal jivan layi ardas karadha haa ji. Us nu gursikhi jivan, naam daan ate chardi kalaa di daat bakhasho ji.

Waheguru Ji, I pray for the best results for my child, and pray for success in his/her life. Please bless him/her with a life of righteous living, gift of Naam, and life of high morale.

Hey datar Ji! Kirpa kar ke saḍa apasi piaar majabhut karo ji. Mereh bache upar kirapa karo ji, us de dil vichaun galat fahami dur kar ke, sojhi pau ki aseen us nu piaar karadeh haan ate paravaar vich mil-jul ke, rahena chahudeh han.

O Datar! Please bless us that our love and bond goes from strength to strength. Bless my child with this realisation that he/she is loved and wanted by his/her family and remove any misunderstanding that he/she may be having.

Waheguru Ji! Mainu vi sumat bakhasho ji, mereh andaraun ghusa, aahankar, badhale valeh vichar Jah hor ajiheh augun khatam kar ke neemarata, miṭh-bolni ate daya varge gun bhar diu ji. Saḍeh paravar nu phir tu jor ke, khush hal bana deveo ji. Kirpa kar ke saḍeh bache da saḍe naal phir ton mail ho jave ji.

Waheguru Ji! Please bless me also with wisdom and remove all my negative emotions of anger, ego and vengeance, etc. Bless me with virtuous thoughts of humility, kind speech, ability to forgive and compassion. Please reunite our family and bless us with family love and joy. Please help me and reunite me with my child.

## ਪਰਿਵਾਰਕ ਪ੍ਰੇਮ ਅਤੇ ਮਿਲਵਰਤਨ ਲਈ ਅਰਦਾਸ

ਵਾਹਿਗੁਰੂ ਜੀ! ਮੈਂ ਆਪਣੇ ਬੱਚੇ ਦੇ ਉਚ ਆਚਰਣ ਅਤੇ ਸਫ਼ਲ ਜੀਵਨ ਲਈ ਅਰਦਾਸ ਕਰਦਾਂ ਹਾਂ ਜੀ। ਉਸ ਨੂੰ ਗੁਰਸਿਖੀ ਜੀਵਨ, ਨਾਮ ਦਾਨ ਅਤੇ ਚੜ੍ਹਦੀ ਕਲਾ ਦੀ ਦਾਤ ਬਖ਼ਸ਼ੋ ਜੀ।

ਹੇ ਦਾਤਾਰ ਜੀ! ਕ੍ਰਿਪਾ ਕਰ ਕੇ ਸਾਡਾ ਆਪਸੀ ਪਿਆਰ ਮਜ਼ਬੂਤ ਕਰੋ ਜੀ। ਮੇਰੇ ਬੱਚੇ ਉਪਰ ਕਿਰਪਾ ਕਰੋ ਜੀ, ਉਸ ਦੇ ਦਿਲ ਵਿੱਚੋਂ ਗਲਤਫ਼ਹਮੀ ਦੂਰ ਕਰ ਕੇ, ਸੋਝੀ ਪਾਉ ਕਿ ਅਸੀਂ ਉਸ ਨੂੰ ਪਿਆਰ ਕਰਦੇ ਹਾਂ ਅਤੇ ਪਰਿਵਾਰ ਵਿੱਚ ਮਿਲ-ਜੁਲ ਕੇ, ਰਹਿਣਾਂ ਚਾਹੁੰਦੇ ਹਾਂ।

ਵਾਹਿਗੁਰੂ ਜੀ! ਮੈਨੂੰ ਵੀ ਸੁਮੱਤ ਬਖ਼ਸ਼ੋ ਜੀ, ਮੇਰੇ ਅੰਦਰੋਂ ਗੁੱਸਾ, ਅਹੰਕਾਰ, ਬਦਲੇ ਵਾਲੇ ਵਿਚਾਰ ਜਾਂ ਹੋਰ ਅਜਿਹੇ ਔਗੁਣ ਖ਼ਤਮ ਕਰ ਕੇ ਨਿਮਰਤਾ, ਮਿੱਠ-ਬੋਲਣੀ ਅਤੇ ਦਇਆ ਵਰਗੇ ਗੁਣ ਭਰ ਦਿਉ ਜੀ। ਸਾਡੇ ਪਰਿਵਾਰ ਨੂੰ ਫਿਰ ਤੋਂ ਜੋੜ ਕੇ, ਖੁਸ਼ਹਾਲ ਬਣਾ ਦੇਵੋ ਜੀ। ਕਿਰਪਾ ਕਰ ਕੇ ਸਾਡੇ ਬੱਚੇ ਦਾ ਸਾਡੇ ਨਾਲ ਫਿਰ ਤੋਂ ਮੇਲ ਹੋ ਜਾਵੇ ਜੀ।

**ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥**
**ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥**

## *Seeking His Blessing for the Grace of HIS Naam*

Guru ji! kirpa karke mainnu apane naam di daat, man di shanti ate nimarata nal nivajo. Saḍa visvas te bhavana hamesa tuhaḍe nal juri rahe. Kirpa kar-ake sanu manasik taur te sahi vicharan nu dhaaran karan di prerana bakhaso.

Guru Ji! please bless me with mental peace, humility and gift of your Naam. Let our faith and spirit always stay connected to you. O Waheguru! Please give us mental clarity and motivation to think righteously with your blessings.

Waheguru ji! Kirpa karake sade risatian vich piaar, shanti ate taal-mel bakhasho ji.

Waheguru Ji! please bless us with peace, love and harmonious relationships forev-er.

Waheguru ji! Kirpa karke sevak di ardas puri karo. Mai tuhanu piaar karada han.

Waheguru Ji! please accept your servant's Ardas. Love you.

## ਨਾਮ ਦਾਨ ਅਤੇ ਕਿਰਪਾ ਲਈ ਅਰਦਾਸ

ਗੁਰੂ ਜੀ! ਕਿਰਪਾ ਕਰਕੇ ਮੈਨੂੰ ਅਪਣੇ ਨਾਮ ਦੀ ਦਾਤ, ਮਨ ਦੀ ਸ਼ਾਂਤੀ ਤੇ ਨਿਮਰਤਾ ਨਾਲ ਨਿਵਾਜੋ । ਸਾਡਾ ਵਿਸ਼ਵਾਸ਼ ਅਤੇ ਭਾਵਨਾ ਹਮੇਸ਼ਾਂ ਤੁਹਾਡੇ ਨਾਲ ਜੁੜੀ ਰਹੇ । ਕਿਰਪਾ ਕਰਕੇ ਸਾਨੂੰ ਮਾਨਸਿਕ ਤੌਰ ਤੇ ਸਹੀ ਵਿਚਾਰਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਬਖ਼ਸ਼ੋ ਜੀ ।

ਵਾਹਿਗੁਰੂ ਜੀ! ਕਿਰਪਾ ਕਰਕੇ ਸਾਡੇ ਰਿਸ਼ਤਿਆਂ ਵਿੱਚ ਪਿਆਰ ਸ਼ਾਂਤੀ ਅਤੇ ਤਾਲਮੇਲ ਬਖ਼ਸ਼ੋ ਜੀ ।

ਵਾਹਿਗੁਰੂ ਜੀ! ਕਿਰਪਾ ਕਰਕੇ ਸੇਵਕ ਦੀ ਅਰਦਾਸ ਪੂਰੀ ਕਰੋ ਜੀ । ਮੈਂ ਤੁਹਾਨੂੰ ਪਿਆਰ ਕਰਦਾ ਹਾਂ ।

**ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥**
**ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥**

## Conflicts at home

***Child's Ardas – in the event they witness conflict amongst parents or adults.***

Guru pita jio aap ji ne kirpa ate mihar karni ji. Mere mata-pita vichkar kise vi tarhan di vad-vivad na hove, jis da siṭa hinsa hove. Presani, jhagara, tanav khare na hon dena. Aapna miharan bharia hath rakhadian unhan vich hamesha piar, saneh banai rakhana. Unhan de jivan di har presani nu aap dur karana. Saḍe te apni bakhshish karo tan ke jo asi tuhaḍi sangat vich shanti te piar bhari zindagi batit kar sakie ji.

Dear Guru (Father) Jio! please shower grace and blessings; do not let any divisive act befall between my parents, that which will end in violence (e.g. anxiety, quarrels, disagreements). Please keep your graceful hand over them so that they will always be loving and harmonious. Please protect them from anxiety. Grace us with your sangat and a life filled with peace and love.

## ਪਰਿਵਾਰਕ ਕਲੇਸ਼

### ਬੱਚੇ ਵਲੋਂ ਅਰਦਾਸ: ਮਾਪਿਆਂ ਵਿਚ ਪਿਆਰ ਅਤੇ ਸੁੱਖ-ਸ਼ਾਂਤੀ ਲਈ ਅਰਦਾਸ

ਗੁਰੂ ਪਿਤਾ ਜੀਓ! ਆਪ ਜੀ ਨੇ ਕਿਰਪਾ ਅਤੇ ਮਿਹਰ ਕਰਨੀ ਜੀ । ਮੇਰੇ ਮਾਤਾ-ਪਿਤਾ ਵਿਚਕਾਰ ਕਿਸੇ ਵੀ ਤਰ੍ਹਾਂ ਦਾ ਵਾਦ-ਵਿਵਾਦ ਨਾ ਹੋਵੇ, ਜਿਸ ਦਾ ਸਿੱਟਾ ਹਿੰਸਾ ਹੋਵੇ । ਪ੍ਰੇਸ਼ਾਨੀ, ਝਗੜਾ, ਤਣਾਵ ਖੜੇ ਨਾ ਹੋਣ ਦੇਣਾ । ਆਪਣਾ ਮਿਹਰਾਂ ਭਰਿਆ ਹੱਥ ਰੱਖਦਿਆਂ ਉਨ੍ਹਾਂ ਵਿੱਚ ਹਮੇਸ਼ਾਂ ਪਿਆਰ, ਸਨੇਹ ਬਣਾਈ ਰੱਖਣਾ ਜੀ । ਉਨ੍ਹਾਂ ਦੇ ਜੀਵਨ ਦੀ ਹਰ ਪ੍ਰੇਸ਼ਾਨੀ ਨੂੰ ਆਪ ਦੂਰ ਕਰਨਾ । ਸਾਡੇ ਤੇ ਆਪਣੀ ਬਖ਼ਸ਼ਿਸ਼ ਕਰੋ ਤਾਂ ਕੇ ਜੋ ਅਸੀਂ ਤੁਹਾਡੀ ਸੰਗਤ ਵਿੱਚ ਸ਼ਾਂਤੀ ਤੇ ਪਿਆਰ ਭਰੀ ਜ਼ਿੰਦਗੀ ਬਤੀਤ ਕਰ ਸਕੀਏ ਜੀ ।

**ਕਲਿ ਕਲੇਸ ਗੁਰ ਸਬਦਿ ਨਿਵਾਰੇ ॥**

**ਆਵਣ ਜਾਣ ਰਹੇ ਸੁਖ ਸਾਰੇ ॥੧॥**

## Sharing with the Needy

***Seeking blessings for the privilege and honour to be given the opportunity to share with the needy***

Guru pita jio aap ji ne kirpa ate mihar karni ji. Mere mata-pita vichkar kise vi tarhan di vad-vivad na hove, jis da siṭa hinsa hove. Presani, jhagara, tanav khare na hon dena. Aapna miharan bharia hath rakhadian unhan vich hamesha piar, saneh banai rakhana. Unhan de jivan di har presani nu aap dur kara-na. Saḍe te apni bakhshish karo tan ke jo asi tuhaḍi sangat vich shanti te piar bhari zindagi batit kar sakie ji.

Dear Akal Purakh, Giver, Father Jio! You have blessed Your humble servant aplenty. Please bless me in my humble effort so that I may share this bounty with the needy. Thank you for this blessed privilege. I/We are thankful that You have deemed us fit for this task. While doing this sewa, please bless us with humility. Thank you. Thank you. Thank you.

## ਵੰਡ ਛੱਕਣ ਦੀ ਅਰਦਾਸ

### ਲੋੜਵੰਦਾਂ ਨਾਲ ਵੰਡ ਛੱਕਣਾ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਨੇ ਆਪਣੇ ਸੇਵਕ ਤੇ ਬਹੁਤ ਬਖ਼ਸ਼ਿਸ਼ਾਂ ਕੀਤੀਆਂ ਹਨ । ਦਾਸ ਤੁਹਾਡੀਆਂ ਬਖ਼ਸ਼ਿਸ਼ ਕੀਤੀਆਂ ਦਾਤਾਂ ਵਿੱਚੋਂ, ਕੁਝ ਦਾਤਾਂ ਲੋੜਵੰਦਾਂ ਨਾਲ ਵੰਡ ਕੇ ਉਨ੍ਹਾਂ ਦੀ ਮਦਦ ਦਾ ਉਪਰਾਲਾ ਕਰਨਾ ਚਾਹੁੰਦਾ ਹੈ । ਆਪ ਜੀ ਦਾ ਕੋਟਾਨ ਕੋਟ ਧੰਨਵਾਦੀ ਹਾਂ, ਆਪ ਜੀ ਨੇ ਸਾਨੂੰ ਇਸ ਯੋਗ ਬਣਾਇਆ ਹੈ ਅਤੇ ਇਹ ਸੁਭਾਗਾ ਮੌਕਾ ਦਿੱਤਾ ਹੈ । ਆਪ ਜੀ ਇਹ ਸੇਵਾ ਨਿਭਾਉਣ ਦੀ, ਅਤੇ ਨਿਮਰਤਾ ਦੀ ਦਾਤ ਝੋਲੀ ਵਿੱਚ ਪਾਓ ਜੀ । ਵਾਹਿਗੁਰੂ ਜੀ, ਤੁਹਾਡਾ ਸ਼ੁਕਰ ਹੈ, ਸ਼ੁਕਰ ਹੈ, ਸ਼ੁਕਰ ਹੈ ।

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥੧॥**

## Embarking on a business

### *Seek blessings to venture into business*

Hey akal purakh datar pita jio, aap ji ne aapne sewak nu naven karobar (kamakar) … *………..shuru karan da udam bakhashia hai. Aap ji da kot an kot dhanavad. Eh subhaga saman aap ji di kirpa naal praapt hoia hai. Aap ji ne hamesa ang sang reh ke is nu safal banauna ji. Aapne sewak nu dasan nahu'an di kirat karan da udam ate bal utasaha bakhashade rahina ji.

Dear Akal Purakh, Giver, Father Jio! thank you for giving your humble servant the opportunity to start a new business in… *…... Countless thanks for this divine blessing. Please always be with me and grant me success in this new venture. Please always grant your sewak the passion and opportunity to make an honest living.

## Sustaining the business venture.

Hey akal purakh datar pita jio, aap ji di apar kirpa hoi hai, ki saḍa karobar changi tarhan chal reha hai. Aap ji da bahut, bahut shukar hai ate aap ji ne es karobar nu ise tarhan chardi kala vich rakhana ji.

Dear Akal Purakh, Giver, Father Jio! thank you, With your grace our business started off well. Thank you very much. Please continue to bless the business to flourish and grow.

…* - Name of business venture…

## ਵਪਾਰ (ਕੰਮਕਾਰ) ਨਾਲ ਸੰਬੰਧਿਤ

### ਵਪਾਰ (ਕੰਮਕਾਰ) ਸ਼ੁਰੂ ਕਰਨ ਸਮੇਂ ਅਤੇ ਇਸ ਵਿੱਚ ਵਾਧੇ ਲਈ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਨੇ ਆਪਣੇ ਸੇਵਕ ਨੂੰ ਨਵੇਂ ਕਾਰੋਬਾਰ (ਕੰਮਕਾਰ)......*............... ਸ਼ੁਰੂ ਕਰਨ ਦਾ ਉੱਦਮ ਬਖ਼ਸ਼ਿਆ ਹੈ । ਆਪ ਜੀ ਦਾ ਕੋਟਾਨ ਕੋਟ ਧੰਨਵਾਦ । ਇਹ ਸੁਭਾਗਾ ਸਮਾਂ ਆਪ ਜੀ ਦੀ ਕਿਰਪਾ ਨਾਲ ਪ੍ਰਾਪਤ ਹੋਇਆ ਹੈ । ਆਪ ਜੀ ਨੇ ਹਮੇਸ਼ਾਂ ਅੰਗ ਸੰਗ ਰਹਿ ਕੇ ਇਸ ਨੂੰ ਸਫ਼ਲ ਬਣਾਉਣਾ ਜੀ । ਆਪਣੇ ਸੇਵਕ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ ਦਾ ਉਦਮ ਅਤੇ ਬਲ ਉਤਸ਼ਾਹ ਬਖ਼ਸ਼ਦੇ ਰਹਿਣਾ ਜੀ ।

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥**
**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥**

### ਵਪਾਰ ਦੀ ਸਲਾਮਤੀ ਲਈ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦੀ ਅਪਾਰ ਕਿਰਪਾ ਹੋਈ ਹੈ, ਕਿ ਸਾਡਾ ਕਾਰੋਬਾਰ ਚੰਗੀ ਤਰ੍ਹਾਂ ਚਲ ਰਿਹਾ ਹੈ । ਆਪ ਜੀ ਦਾ ਬਹੁਤ, ਬਹੁਤ ਸ਼ੁਕਰ ਹੈ ਅਤੇ ਆਪ ਜੀ ਨੇ ਇਸ ਕਾਰੋਬਾਰ ਨੂੰ ਇਸੇ ਤਰ੍ਹਾਂ ਚੜ੍ਹਦੀ ਕਲਾ ਵਿੱਚ ਰੱਖਣਾ ਜੀ ।

...* ...... ਕੰਮਕਾਰ ਦਾ ਨਾਮ

## Preparation of Guru Ka Langgar

***Seeking blessings for Guru Ka Langgar/Degh before preparing***

Hey akal purakh datar pita jio! aap ji ne aapne sewak …*……… nu udam bakhasia hai. Aap ji dian bak̲shiyan datan vichon aap ji di sangat vasate langar/ degh tiar karan ja rahe han. Aap ji ne sabh karaj aap suhelare karne ji. Miharan bharia hath sera te rakhana ate langar tiara karan di agia bakhasni ji.

Dear Akal Purakh, Giver, Father Jio! thank you for blessing your sewak ……*…... Thank you for giving me the opportunity to prepare langgar and/or karah parshad. Kindly bless that task may go smoothly. Kindly keep your protective watch over us, grant us your blessings to commence the preparation.

## Seeking blessings for Guru Ka Langgar before serving.

Hey akal purakh datar pita jio, aap ji ne aapne sewak / pravar ……*………….. nu udam bakhashia hai. Aap ji dian bak̲shiyan datan vichon guru ka langar tiara kita gia hai. Aap ji de dar pravan karo. Dar pravan hoia langar sangat vich varataun di agia bakhasho. Langar sangat di rasna laik hove, jo jia shake, aap ji da naam satnaam sri Waheguru jape.

Dear Akal Purakh, Giver, Father Jio! thank you for giving your sewak / family…*……. this opportunity. Through your bounties and grace, the langgar has been prepared. Please accept it and bless it, and grant permission to serve this accepted langgar to the sangat and may it be befitting the sangat's consumption. May whoever partake of the langgar remember your Naam, and utters

…1* - Name of person 2* Name of sewak Parivar…



atnam Waheguru.

## ਗੁਰੂ ਦੇ ਲੰਗਰ ਲਈ ਅਰਦਾਸ
## ਗੁਰੂ ਦਾ ਲੰਗਰ ਜਾਂ ਦੇਗ ਤਿਆਰ ਕਰਨ ਸਮੇਂ ਦੀ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਨੇ ਆਪਣੇ ਸੇਵਕ ...(੧)*...... ਨੂੰ ਉੱਦਮ ਬਖ਼ਸ਼ਿਆ ਹੈ । ਆਪ ਜੀ ਦੀਆਂ ਬਖ਼ਸ਼ੀਆਂ ਦਾਤਾਂ ਵਿਚੋਂ ਆਪ ਜੀ ਦੀ ਸੰਗਤ ਵਾਸਤੇ ਲੰਗਰ/ਦੇਗ ਤਿਆਰ ਕਰਨ ਜਾ ਰਹੇ ਹਾਂ । ਆਪ ਜੀ ਨੇ ਸਭ ਕਾਰਜ ਆਪ ਸੁਹੇਲੜੇ ਕਰਨੇ ਜੀ । ਮਿਹਰਾਂ ਭਰਿਆ ਹੱਥ ਸਿਰ ਤੇ ਰੱਖਣਾ ਅਤੇ ਲੰਗਰ ਤਿਆਰ ਕਰਨ ਦੀ ਆਗਿਆ ਬਖ਼ਸ਼ਣੀ ਜੀ ।

**(੧)* –ਆਪਣਾ ਨਾਮ**

### ਗੁਰੂ ਦਾ ਲੰਗਰ ਵਰਤਾਉਣ ਤੋਂ ਪਹਿਲਾਂ ਦੀ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਨੇ ਆਪਣੇ ਸੇਵਕ / ਪਰਿਵਾਰ ...(੨)*............ ਨੂੰ ਉੱਦਮ ਬਖ਼ਸ਼ਿਆ ਹੈ । ਆਪ ਜੀ ਦੀਆਂ ਬਖ਼ਸ਼ੀਆਂ ਦਾਤਾਂ ਵਿਚੋਂ ਗਰੂ ਕਾ ਲੰਗਰ ਤਿਆਰ ਕੀਤਾ ਗਿਆ ਹੈ । ਆਪ ਜੀ ਦਰ ਪ੍ਰਵਾਨ ਕਰੋ । ਦਰ ਪ੍ਰਵਾਨ ਹੋਇਆ ਲੰਗਰ ਸੰਗਤ ਵਿੱਚ ਵਰਤਾਉਣ ਦੀ ਆਗਿਆ ਬਖ਼ਸ਼ੋ । ਲੰਗਰ ਸੰਗਤ ਦੀ ਰਸਨਾ ਲਾਇਕ ਹੋਵੇ, ਜੋ ਜੀਅ ਛਕੇ, ਆਪ ਜੀ ਦਾ ਨਾਮ, ਸਤਿਨਾਮੁ, ਸ੍ਰੀ ਵਾਹਿਗੁਰੂ ਜਪੇ ।

**ਖਾਵਹਿ ਖਰਚਹਿ ਰਲਿ ਮਿਲਿ ਭਾਈ ॥**
**ਤੋਟਿ ਨ ਆਵੈ ਵਧਦੋ ਜਾਈ ॥੩॥**

**(੨)* – ਪਰਿਵਾਰ ਦਾ ਨਾਮ**

## For a New Home

***Sukhmani Sahib Paath by Family members to seek blessings for a new home***

Hey akal purakh datar pita jio, aap ji di kirpa sadka aap ji ne aapne sewak nu sohane ghar/niwas asthan di dat bakhasi hai ji, aap ji da shukar manaudian samuh parivar de member (sadasa) sukhmani sahib ji da paaṭh arambh karan ja rahe han ji, aap ji agia bakhasho. Parivar de maimbaran nu aap ne aapni seva karan, gurbani sudh, sapasaṭ ate piara naal, parhan da bal udam, utasaha bakhshana ji.

Dear Akal Purakh, Giver, Father Jio! through your grace, you have blessed us with this beautiful house. In gratitude, the family seeks blessings to commence Sukhmani Sahib prayers. Please bless the family members with strength to recite Gurbani correctly, with love and passion.

***Sehaj Paath by Family members to seek blessings for a new home***

Hey akal purakh datar pita jio aap ji di kirpa sadaka samuh parivarik member sahej paaṭh di seva nibha rahe han. Aap ji kirpa karo sehaj paaṭh karan di agia bakhasho ji, miharan bharia hath sira te rakhadian gurbani sudh, sapasaṭ ate piar naal, parhan da bal udam, utsahah bakhshana. Aap ji dian bakhasian data vico pancham karaha prasad di degh saja ke hazar hai, Aap ji dar pravan karo ji. Pravan hoia prasad/ langar sangat vich varataun di agia bakhasho ji ate aapna pavitar hukamanama bakhasha ke dar aian sangatan nu nihal karo ji.

.

Dear Akal Purakh, Giver, Father Jio! with your blessings, the whole family is doing this Sehaj Path sewa so please bless us to start; keep a watch over us so that we have the strength to recite Gurbani clearly and correctly, with love and passion. The kara parshad is ready. Please bless it and allow it to be served to the sangat. There-after do give us your command for the day, elating the sangat.

## ਨਵੇਂ ਘਰ (ਨਿਵਾਸ / ਅਸਥਾਨ) ਦੀ ਖੁਸ਼ੀ ਹਿੱਤ
## ਨਵੇਂ ਗ੍ਰਿਹ ਦੀ ਖੁਸ਼ੀ ਹਿੱਤ ਪਰਿਵਾਰਕ ਮੈਬਰਾਂ ਵੱਲੋਂ ਸੁਖਮਨੀ ਸਾਹਿਬ ਜੀ ਦਾ ਪਾਠ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦੀ ਕਿਰਪਾ ਸਦਕਾ ਆਪ ਜੀ ਨੇ ਆਪਣੇ ਸੇਵਕ ਨੂੰ ਸੋਹਣੇ (ਘਰ/ਨਿਵਾਸ/ਅਸਥਾਨ) ਦੀ ਦਾਤ ਬਖ਼ਸ਼ੀ ਹੈ ਜੀ, ਆਪ ਜੀ ਦਾ ਸ਼ੁਕਰ ਮਨਾਉਦਿਆਂ, ਸਮੂਹ ਪਰਿਵਾਰ ਦੇ ਮੈਂਬਰ(ਸਦੱਸ) ਸੁਖਮਨੀ ਸਾਹਿਬ ਜੀ ਦਾ ਪਾਠ ਅਰੰਭ ਕਰਨ ਜਾ ਰਹੇ ਹਨ ਜੀ, ਆਪ ਜੀ ਆਗਿਆ ਬਖ਼ਸ਼ੋ ਜੀ । ਪਰਿਵਾਰ ਦੇ ਮੈਂਬਰਾਂ ਨੂੰ ਆਪ ਨੇ ਆਪਣੀ ਸੇਵਾ ਕਰਨ, ਸ਼ੁੱਧ, ਸਪੱਸ਼ਟ ਅਤੇ ਪਿਆਰ ਨਾਲ, ਗੁਰਬਾਣੀ ਪੜ੍ਹਣ ਦਾ ਬਲ ਉੱਦਮ ਅਤੇ ਉਤਸ਼ਾਹ ਬਖ਼ਸ਼ਣਾ ਜੀ ।

## ਨਵੇਂ ਘਰ (ਨਿਵਾਸ/ਅਸਥਾਨ/ਗ੍ਰਿਹਿ) ਦੀ ਖੁਸ਼ੀ ਹਿੱਤ ਪਰਿਵਾਰਕ ਮੈਬਰਾਂ ਵੱਲੋਂ ਸਹਿਜ ਪਾਠ ਜੀ ਦੀ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦੀ ਕਿਰਪਾ ਸਦਕਾ ਸਮੂਹ ਪਰਿਵਾਰ ਦੇ ਮੈਂਬਰ ਸਹਿਜ ਪਾਠ ਦੀ ਸੇਵਾ ਨਿਭਾ ਰਹੇ ਹਨ । ਆਪ ਜੀ ਕਿਰਪਾ ਕਰੋ, ਸਹਿਜ ਪਾਠ ਕਰਨ ਦੀ ਆਗਿਆ ਬਖ਼ਸ਼ੋ ਜੀ, ਮਿਹਰਾਂ ਭਰਿਆ ਹੱਥ ਸਿਰ ਤੇ ਰੱਖਦਿਆਂ ਗੁਰਬਾਣੀ ਸ਼ੁੱਧ, ਸਪੱਸ਼ਟ ਅਤੇ ਪਿਆਰ ਨਾਲ, ਪੜ੍ਹਣ ਦਾ ਬਲ ਉਦੱਮ, ਉਤਸ਼ਾਹ ਬਖ਼ਸ਼ਣਾ । ਆਪ ਜੀ ਦੀਆਂ ਬਖ਼ਸ਼ੀਆਂ ਦਾਤਾ ਵਿੱਚੋ ਪੰਚਮ ਕੜਾਹ ਪ੍ਰਸਾਦ ਦੀ ਦੇਗ ਸੱਜ ਕੇ ਹਾਜ਼ਰ ਹੈ, ਆਪ ਜੀ ਦਰ ਪ੍ਰਵਾਨ ਕਰੋ ਜੀ । ਪ੍ਰਵਾਨ ਹੋਇਆ ਪ੍ਰਸ਼ਾਦ/ਲੰਗਰ ਸੰਗਤ ਵਿਚ ਵਰਤਾਉਣ ਦੀ ਆਗਿਆ ਬਖ਼ਸ਼ੋ ਜੀ ਅਤੇ ਆਪਣਾ ਪਵਿੱਤਰ ਹੁਕਮਨਾਮਾ ਬਖ਼ਸ਼ ਕੇ ਦਰ ਆਈਆਂ ਸੰਗਤਾਂ ਨੂੰ ਨਿਹਾਲ ਕਰੋ ਜੀ ।

**ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥**

## For a New Home

***Thanksgiving Ardas for a new home***

Hey akal purakh datar pita jio, aap ji ne apane sewak …*………..nu nave makan de bak̲shish kite haI, aap ji da kot an kot dhanvad. Eh makan sohana tan hi hai ji, je asi hamesan es ghar vich tuhaḍi bani parhade rahie, tuhaḍa simran karade rahie te tuhaḍa sukrana karde rahie. Es lai malak jio, Jis tarhan aap ji ne ih greh bakhasas kita hai, use tarhan hi apa ji ne kirpa karke parivar nu nitnem, simran, gursikhi jivan te naam dia data bakhasania ji.

Dear Akal Purakh, Giver, Father Jio! you have blessed your humble servant…*………..with this new house, thank you. This house will indeed be beautiful if we will always recite your Gurbani, do simran, and always be thankful for your gifts. As you have given us this house, O Lord please bless this family with the boon of Nitnem and Simran so that we will look beautiful to you. Bless us with a GurSikhi lifestyle.

…* - Name of person

## ਨਵੇਂ ਗ੍ਰਹਿ ਦੀ ਖੁਸ਼ੀ ਹਿੱਤ

## ਨਵੇਂ ਗ੍ਰਹਿ ਦੀ ਖੁਸ਼ੀ ਹਿੱਤ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਨੇ ਆਪਣੇ ਸੇਵਕ ...*............ ਨੂੰ ਨਵੇਂ ਮਕਾਨ ਦੀ ਬਖ਼ਸ਼ਿਸ਼ ਕੀਤੀ ਹੈ ਜੀ, ਆਪ ਜੀ ਦਾ ਕੋਟਾਨ ਕੋਟ ਧੰਨਵਾਦ । ਇਹ ਮਕਾਨ ਸੋਹਣਾ ਤਾਂ ਹੀ ਹੈ ਜੀ, ਜੇ ਅਸੀਂ ਹਮੇਸ਼ਾਂ ਇਸ ਘਰ ਵਿੱਚ ਤੁਹਾਡੀ ਬਾਣੀ ਪੜ੍ਹਦੇ ਰਹੀਏ, ਤੁਹਾਡਾ ਸਿਮਰਨ ਕਰਦੇ ਰਹੀਏ ਤੇ ਤੁਹਾਡਾ ਸ਼ੁਕਰਾਨਾ ਕਰਦੇ ਰਹੀਏ । ਇਸ ਲਈ ਮਾਲਕ ਜੀਓ! ਜਿਸ ਤਰ੍ਹਾਂ ਆਪ ਜੀ ਨੇ ਇਹ ਗ੍ਰਹਿ ਬਖ਼ਸ਼ਸ਼ ਕੀਤਾ ਹੈ, ਉਸੇ ਤਰ੍ਹਾਂ ਹੀ ਆਪ ਜੀ ਨੇ ਕਿਰਪਾ ਕਰਕੇ ਪਰਿਵਾਰ ਨੂੰ ਨਿਤਨੇਮ, ਸਿਮਰਨ, ਗੁਰਸਿੱਖੀ ਜੀਵਨ ਤੇ ਨਾਮ ਦੀਆਂ ਦਾਤਾਂ ਬਖ਼ਸ਼ਣੀਆਂ ਜੀ ।

**ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥**
**ਸੇ ਅਸਥਲ ਸੋਇਨ ਚਉਬਾਰੇ ॥**

* –ਆਪਣਾ ਨਾਮ

## Akhand Paath @ Residence

***Moving Sri Guru Granth Sahib Ji from one location to another***

Hey akal purakh datar pita jio! aap ji di bakhasis da sadaka paravar sri guru granth sahib ji de pavan sarup lijan vasate tiar hai. Aap ji kirpa karke agia bakhasho, rah paiṇḍe samen ang sang sahai hona, aapna naam japaunde jana.

Dear Akal Purakh, Giver, Father Jio! by your grace, Sri Guru Granth Sahib Ji's saroop is ready to be moved. We seek your blessings to commence a safe journey so that we may recite your name as we travel to the next destination.

## ਗ੍ਰਹਿ ਵਿਖੇ ਅਖੰਡ ਪਾਠ ਸਾਹਿਬ ਲਈ
## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲਿਜਾਣ ਵੇਲੇ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦੀ ਬਖ਼ਸ਼ਿਸ਼ ਦਾ ਸਦਕਾ ਪਰਿਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਲਿਜਾਣ ਵਾਸਤੇ ਤਿਆਰ ਹੈ । ਆਪ ਜੀ ਕਿਰਪਾ ਕਰਕੇ ਆਗਿਆ ਬਖ਼ਸ਼ੋ, ਰਾਹ ਪੈਂਡੇ ਸਮੇਂ ਅੰਗ-ਸੰਗ ਸਹਾਈ ਹੋਣਾ, ਆਪਣਾ ਨਾਮ ਜਪਾਉਂਦੇ ਜਾਣਾ ।

**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥**
**ਗੁਰਸਿਖੀਂ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥**

## Akhand Paath @ Residence

***Commencement***

Hey akal purakh datar pita jio, aap ji de sewak ……*……. nu aap ji ne bal bakhashis kita hai ji. Aap ji di pavan bani, 'dhur ki bani ilahi bani de sri akhanḍ paaṭh sahib arambh kite ja rahe han. Kirpa karo ji, akhanḍ paaṭh arambh karan di agia bakhashis karo. Aap ji ne kirpa karke shudh ate sapashṭ bani parhan di dat bakhashis karani.Bani da bhav hirade'cha vasa ke, sanu na-samajha nu tuhaḍi diti hoi sikhia te chalan da bal bakhashis karana. Gursikhi jivana te naam dian datan bakhashis karanian ji. Anand sahib dian che paurian da paaṭh hoia hai ji. Bhulan cukan di khima karni. Aap ji dian bakhasian data vicho pancam karah prasad di degh saj ke hazar hai. Aap ji dar pravan karo ji. Pravan hoia prasad/ langar sangat vich varataun di agia bakhasho ji ate aapna pavitar hukamanama bakhash ke dar aian sangatan nu nihal karo ji.

.

Dear Akal Purakh, Giver, Father Jio! with your grace you have blessed your sewak with this beautiful house. In gratitude, the family is seeking Your blessings before commencing Sri Akhand Paath Sahib. Please bless us to read Gurbani clearly and correctly. May Guru's bani immerse in our hearts and bless us that we can abide by Your teachings. Bless us with a Gur Sikhi lifestyle and the boon of Your Naam. Six Pauris of the Anand Sahib have been recited, please forgive us for any mistakes that may have occurred. The karah parshad is ready/has been prepared. Please bless it, and permit this Prasad/ Langgar be served to the sangat. Therafter give us your command for the day, ex-alting the sangat.

…*- Name of sewak

## ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਅਰੰਭਤਾ ਦੀ ਅਰਦਾਸ

### ਅਰੰਭਤਾ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦੇ ਸੇਵਕ ...*........ ਨੂੰ ਆਪ ਜੀ ਨੇ ਬਲ ਬਖ਼ਸ਼ਿਸ਼ ਕੀਤਾ ਹੈ ਜੀ । ਆਪ ਜੀ ਦੀ ਪਾਵਨ ਬਾਣੀ, 'ਧੁਰ ਕੀ ਬਾਣੀ' ਇਲਾਹੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਜਾ ਰਹੇ ਹਨ । ਕਿਰਪਾ ਕਰੋ ਜੀ, ਸ੍ਰੀ ਅਖੰਡ ਪਾਠ ਅਰੰਭ ਕਰਨ ਦੀ ਆਗਿਆ ਬਖ਼ਸ਼ਿਸ਼ ਕਰੋ । ਆਪ ਜੀ ਨੇ ਕਿਰਪਾ ਕਰਕੇ ਸ਼ੁੱਧ ਅਤੇ ਸਪੱਸ਼ਟ ਬਾਣੀ ਪੜ੍ਹਨ ਦੀ ਦਾਤ ਬਖ਼ਸ਼ਿਸ਼ ਕਰਨੀ । ਬਾਣੀ ਦਾ ਭਾਵ ਹਿਰਦੇ 'ਚ ਵਸਾ ਕੇ, ਸਾਨੂੰ ਨਾ-ਸਮਝਾਂ ਨੂੰ ਤੁਹਾਡੀ ਦਿੱਤੀ ਹੋਈ ਸਿੱਖਿਆ ਤੇ ਚੱਲਣ ਦਾ ਬਲ ਬਖ਼ਸ਼ਿਸ਼ ਕਰਨਾ । ਗੁਰਸਿੱਖੀ ਜੀਵਨ ਤੇ ਨਾਮ ਦੀਆਂ ਦਾਤਾਂ ਬਖ਼ਸ਼ਿਸ਼ ਕਰਨੀਆਂ ਜੀ । ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਹੋਇਆ ਹੈ ਜੀ, ਭੁੱਲਾਂ-ਚੁੱਕਾਂ ਦੀ ਖਿਮਾਂ ਕਰਨੀ ਜੀ । ਆਪ ਜੀ ਦੀਆਂ ਬਖ਼ਸ਼ੀਆਂ ਦਾਤਾ ਵਿੱਚੋ ਪੰਚਮ ਕੜਾਹ ਪਸ਼ਾਦ ਦੀ ਦੇਗ਼ ਸੱਜ ਕੇ ਹਾਜ਼ਰ ਹੈ, ਆਪ ਜੀ ਦਰ ਪ੍ਰਵਾਨ ਕਰੋ ਜੀ । ਪ੍ਰਵਾਨ ਹੋਇਆ ਪ੍ਰਸ਼ਾਦ/ਲੰਗਰ ਸੰਗਤ ਵਿੱਚ ਵਰਤਾਉਣ ਦੀ ਆਗਿਆ ਬਖ਼ਸ਼ੋ ਜੀ ਅਤੇ ਆਪਣਾ ਪਵਿੱਤਰ ਹੁਕਮਨਾਮਾ ਬਖ਼ਸ਼ ਕੇ ਦਰ ਆਈਆਂ ਸੰਗਤਾਂ ਨੂੰ ਨਿਹਾਲ ਕਰੋ ਜੀ ।

**ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ ॥**
**ਸੋਹੇ ਬੰਕ ਦੁਆਰ ਸਗਲਾ ਬਨੁ ਹਰਾ ॥**

* -ਆਪਣਾ ਨਾਮ

## Akhand Paath @ Residence

### *Completion*

Hey akal purakh datar pita jio! aap ji di kirpa sadaka aap ji ne aapne sewak nu sohane greh di dat bakhashi hai ji. Aap ji da shu-karana karadian parivar valon sri akhanḍ paaṭh sahib ji da paaṭh sampuran hoia ji. Aap ji de bachia kolon gurbani da paaṭh karadian hoian be'ant bhulan di khima bakhashani, aap is naven ghar / grah vich hamesha saḍe ang-sang rahina. Parivar de vich piar sukh-shanti tandarusati di dat bakhashadian hamesha chardi ka-la vich rakhana. Parivar de har ik maimbar vich itafak, milavaratan aapsi saneh banai rakhana. He akal purakh datar pita jio, aap ji di kirpa sadaka samuh parivarik maimbaran ne sri akhanḍ paaṭh sahib ji karan di seva nibhai hai. Anand sahib dian che paurian da paaṭh hoia hai ji. Bhulan chukan di khiman karni. Aap ji dian bakhasian data vicho pancham karah prasad di degh saj ke hazar hai. Aap ji dar pravan karo ji. Pravan hoia prasad/ langar san-gat vich varataun di agia bakhasho ji ate aapna pavitar hukamanama bakhash ke dar aian sangatan nu nihal karo ji.

Dear Akal Purakh, Giver, Father Jio! with your grace you have blessed your sewak with this beautiful house. In gratitude, the family has just completed this Akhand Path with your blessings. While reciting Gurbani, your children would have made many errors, please forgive us, and keep us well always, in this new residence. Kindly keep the family in a harmonious and cooperative relationship, always in high spirits. Thank you Dear Father, that with your grace each family member did their respective sewa towards this Akhand Path.Six Pauris of the Anand Sahib have been recited. Please forgive us for any mistakes that may have occured. The karah parshad is ready/has been pre-pared. Please bless it, and permit this Prasad/ langgar to be served to the sangat. Thereafter do give us your command for the day, exalting the sangat.

## ਨਵੇ ਗ੍ਰਹਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸਮਾਪਤੀ ਦੀ ਅਰਦਾਸ
## ਮੁੰਕਮਲ ਹੋਣ ਤੇ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦੀ ਕਿਰਪਾ ਸਦਕਾ ਆਪ ਜੀ ਨੇ ਆਪਣੇ ਸੇਵਕ ਨੂੰ ਸੋਹਣੇ ਗ੍ਰਹਿ ਦੀ ਦਾਤ ਬਖ਼ਸ਼ੀ ਹੈ ਜੀ । ਆਪ ਜੀ ਦਾ ਸ਼ੁਕਰਾਨਾ ਕਰਦਿਆਂ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਪਾਠ ਸੰਪੂਰਨ ਹੋਇਆ ਜੀ । ਆਪ ਜੀ ਦੇ ਬੱਚਿਆ ਕੋਲੋਂ ਗੁਰਬਾਣੀ ਦਾ ਪਾਠ ਕਰਦਿਆਂ ਹੋਈਆਂ ਬੇਅੰਤ ਭੁਲਾਂ ਦੀ ਖਿਮਾ ਬਖ਼ਸ਼ਣੀ, ਆਪ ਇਸ ਨਵੇਂ ਘਰ/ਗ੍ਰਹਿ ਵਿੱਚ ਹਮੇਸ਼ਾਂ ਸਾਡੇ ਅੰਗ-ਸੰਗ ਰਹਿਣਾ । ਪਰਿਵਾਰ ਦੇ ਵਿਚ ਪਿਆਰ, ਸੁੱਖ-ਸ਼ਾਂਤੀ ਤੰਦਰੁਸਤੀ ਦੀ ਦਾਤ ਬਖ਼ਸ਼ਦਿਆਂ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰੱਖਣਾ । ਪਰਿਵਾਰ ਦੇ ਹਰ ਇਕ ਮੈਂਬਰ ਵਿਚ ਇਤਫ਼ਾਕ, ਮਿਲਵਰਤਣ ਆਪਸੀ ਸਨੇਹ ਬਣਾਈ ਰੱਖਣਾ । ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦੀ ਕਿਰਪਾ ਸਦਕਾ ਸਮੂਹ ਪਰਿਵਾਰ ਦੇ ਮੈਂਬਰਾਂ ਨੇ ਅਖੰਡ ਪਾਠ ਕਰਨ ਦੀ ਸੇਵਾ ਨਿਭਾਈ ਹੈ । ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਹੋਇਆ ਹੈ ਜੀ, ਭੁੱਲਾਂ ਚੁਕਾਂ ਦੀ ਖਿਮਾਂ ਕਰਨੀ । ਆਪ ਜੀ ਦੀਆਂ ਬਖ਼ਸ਼ੀਆਂ ਦਾਤਾਂ ਵਿੱਚੋ ਪੰਚਮ ਕੜਾਹ ਪ੍ਰਸ਼ਾਦ ਦੀ ਦੇਗ ਸੱਜ ਕੇ ਹਾਜ਼ਰ ਹੈ । ਆਪ ਜੀ ਦਰ ਪ੍ਰਵਾਨ ਕਰੋ ਜੀ, ਪ੍ਰਵਾਨ ਹੋਇਆ ਪ੍ਰਸ਼ਾਦ/ਲੰਗਰ ਸੰਗਤ ਵਿੱਚ ਵਰਤਾਉਣ ਦੀ ਆਗਿਆ ਬਖ਼ਸ਼ੋ ਜੀ ਅਤੇ ਆਪਣਾ ਪਵਿੱਤਰ ਹੁਕਮਨਾਮਾ ਬਖ਼ਸ਼ ਕੇ ਦਰ ਆਈਆਂ ਸੰਗਤਾਂ ਨੂੰ ਨਿਹਾਲ ਕਰੋ ਜੀ ।

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥

## Sukhmani Sahib Paath

***Paath for well being of Family***

Hey akal purakh jio! aap ji de mahanvak ‘jai prasad greh sang sukh basna' anusar aap ji de sewak …*… valon aap ji da shukar manaudian samuh parivar de maimbar ne sukhmani sahib ji da paaṭh kita haʿai. Aapne parivar vich sukh shanti naal reh riha/rahi hai. Aap ji ne hamesha is sukh shanti nu banai rakhana. Parivar vich gursikhi jivan piar, daia, nimarata, udam bal utasaha di dat bakhashade rahina. Aap hamesha ise taran hi ang sang sahai rahina.

Dear Akal Purakh, Giver, Father Jio! as per your saying, “Jai Prasad Greh Sang Sukh Basna”, in gratitude your humble servant and his family are having Sukhmani Sahib recitation. The family is living happily. Kindly help to maintain this happiness in the family, always. With this Gur Sikhi lifestyle, give us the boon of love, compassion, humility and strength. Please stay with us, keeping a close watch over us, always.

…* - Name of Sewak

## ਸੁਖਮਨੀ ਸਾਹਿਬ ਪਾਠ

## ਪਰਿਵਾਰ ਦੇ ਭਲੇ ਅਤੇ ਸੁੱਖ-ਸ਼ਾਂਤੀ ਦੀ ਅਰਦਾਸ

ਹੇ ਅਕਾਲ ਪੁਰਖ ਜੀਓ! ਆਪ ਜੀ ਦੇ ਮਹਾਂਵਾਕ 'ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ' ਅਨੁਸਾਰ ਆਪ ਜੀ ਦੇ ਸੇਵਕ ......*.................. ਵਲੋਂ ਆਪ ਜੀ ਦਾ ਸ਼ੁਕਰ ਮਨਾਉਦਿਆਂ ਸਮੂਹ ਪਰਿਵਾਰ ਦੇ ਮੈਂਬਰਾਂ ਨੇ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਹੈ। ਆਪਣੇ ਪਰਿਵਾਰ ਵਿਚ ਸੁੱਖ-ਸ਼ਾਂਤੀ ਨਾਲ ਰਹਿ ਰਿਹਾ ਹੈ/ ਰਹੀ ਹੈ। ਆਪ ਜੀ ਨੇ ਹਮੇਸ਼ਾਂ ਇਸ ਸੁੱਖ ਸ਼ਾਤੀ ਨੂੰ ਬਣਾਈ ਰੱਖਣਾ। ਪਰਿਵਾਰ ਵਿੱਚ ਗੁਰਸਿੱਖੀ ਜੀਵਨ ਪਿਆਰ, ਦਇਆ, ਨਿਮਰਤਾ, ਉੱਦਮ ਬਲ ਉਤਸ਼ਾਹ ਦੀ ਦਾਤ ਬਖ਼ਸ਼ਦੇ ਰਹਿਣਾ। ਆਪ ਹਮੇਸ਼ਾਂ ਇਸੇ ਤਰ੍ਹਾਂ ਹੀ ਅੰਗ-ਸੰਗ ਸਹਾਈ ਰਹਿਣਾ।

**ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥**
**ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥੪॥੩॥**

* -ਆਪਣਾ ਨਾਮ

## Naming Ceremony

***Pertaining to Birth of Child***

Hey akal purakh datar pita jio, ap ji ne apane bachia ……*…... nu santan da sukh bakhasis kita hai. Bache/ bachi de janam to ba'ad sara paravar aap ji da sukarana karan lai sri guru grath sahib ji di hazuri vich hazir hoia hai. Apa ji ne kirpa karani bache/ bachi de ser te mihara bharia hath rakhana. Gursikhi jivan te naam diaṁ data bakhasis karania ji.

O respected father Akal Purakh Ji, you have blessed your children ……………….. with the blessings of the child. After the birth of the child, the whole family has gathered in the presence of Shri Guru Granth Sahib Ji to thank you. May you shower Your Grace on your child. Please bless the child with GurSikh life and the gift of Your Name.

*Name of Parents

## ਜਨਮ ਸੰਸਕਾਰ

## ਬੱਚੇ/ਬੱਚੀ ਦੇ ਜਨਮ ਪਰਥਾਇ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਨੇ ਆਪਣੇ ਬੱਚਿਆਂ ......*... ਨੂੰ ਸੰਤਾਨ ਦਾ ਸੁੱਖ ਬਖ਼ਸ਼ਿਸ਼ ਕੀਤਾ ਹੈ । ਬੱਚੇ / ਬੱਚੀ ਦੇ ਜਨਮ ਤੋਂ ਬਾਅਦ ਸਾਰਾ ਪਰਵਾਰ ਆਪ ਜੀ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਹਾਜ਼ਿਰ ਹੋਇਆ ਹੈ । ਆਪ ਜੀ ਨੇ ਕਿਰਪਾ ਕਰਨੀ ਬੱਚੇ / ਬੱਚੀ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖਣਾ । ਗੁਰਸਿੱਖੀ ਜੀਵਨ ਤੇ ਨਾਮ ਦੀਆਂ ਦਾਤਾਂ ਬਖ਼ਸ਼ਿਸ਼ ਕਰਨੀਆਂ ਜੀ ।

*ਮਾਤਾ-ਪਿਤਾ ਦਾ ਨਾਮ

**ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥**
**ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥**

## Amrit Sanchar Ceremony

***Before Commencement***

Hey akal purakh datar pita jio, apa ji ne apane bache ...*... nu bal udam bakhasia hai ji. Apa ji di hazuri vich aap ji de bache da nava janam hon laga hai ji. Dhan guru gobind singh ji di bakhasis kiti hoi mariada anusar khanḍe baṭe di pahul lai ke aap ji da ih sevak guru da khalsa banan ja riha hai. Aap ji da kot an kot dhanvad, aap ji ne ih sanjog banae te es nimane jihe jivan nu aap ne amrit de laik samajhia. Ise tarhan hi aap ji ne apane sevak te kirpa karni ji. Apane sevak nu sikhi kesan savasa sang nibhaun da bal udam utshah bakhasana ji. Kirapa karo agia bakhaso. Panja piare sahibana, khanḍe ate baṭe sahit tiar han ji. Amrit sanchar arambh karan di agia bakhaso ji. Naam diaṁ dataṁ bakhasis karania ji.

O respected father Akal Purakh Ji, you have given strength to your child ...*... In your presence, your child is taking a new birth! According to the Maryada given by Dhan Guru Gobind Singh Ji, this person is going to become the Guru's Khalsa after taking khande bate pahul. Thousands of thanks, You made this happen and considered this humble being worthy of Amrit. Likewise, you show kindness to your servants. This is your Gursikhi and only You give strength to Your children so that they fulfil their Sikhi with their breath. Please grant Your permission. Five Beloved Sahibs are ready with Amrit Khanda and Baata. Please give permission to start Amrit Sanchar. Please bless us with the gifts of Naam.

***Name of the person**

## ਅਮ੍ਰਿਤ ਸੰਚਾਰ
## ਅੰਮ੍ਰਿਤ ਛੱਕਣ ਤੋਂ ਪਹਿਲਾਂ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਨੇ ਆਪਣੇ ਬੱਚੇ ___________ ਨੂੰ ਬਲ ਉੱਦਮ ਬਖ਼ਸ਼ਿਆ ਹੈ ਜੀ । ਆਪ ਜੀ ਦੀ ਹਜ਼ੂਰੀ ਵਿੱਚ ਆਪ ਜੀ ਦੇ ਬੱਚੇ ਦਾ ਨਵਾਂ ਜਨਮ ਹੋਣ ਲੱਗਾ ਹੈ ਜੀ । ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਕੀਤੀ ਹੋਈ ਮਰਿਆਦਾ ਅਨੁਸਾਰ ਖੰਡੇ ਬਾਟੇ ਦੀ ਪਾਹੁਲ ਲੈ ਕੇ ਆਪ ਜੀ ਦਾ ਇਹ ਸੇਵਕ ਗੁਰੂ ਦਾ ਖਾਲਸਾ ਬਣਨ ਜਾ ਰਿਹਾ ਹੈ । ਆਪ ਜੀ ਦਾ ਕੋਟਾਨ ਕੋਟ ਧੰਨਵਾਦ, ਆਪ ਜੀ ਨੇ ਇਹ ਸੰਜੋਗ ਬਣਾਏ ਤੇ ਇਸ ਨਿਮਾਣੇ ਜਿਹੇ ਸੇਵਕ ਨੂੰ ਆਪ ਨੇ ਅਮ੍ਰਿਤ ਦੇ ਲਾਇਕ ਸਮਝਿਆ । ਇਸੇ ਤਰ੍ਹਾਂ ਹੀ ਆਪ ਜੀ ਨੇ ਆਪਣੇ ਸੇਵਕ ਤੇ ਕਿਰਪਾ ਕਰਨੀ ਜੀ । ਆਪਣੇ ਸੇਵਕ ਨੂੰ ਸਿਖੀ ਕੇਸਾਂ ਸਵਾਸਾਂ ਸੰਗ ਨਿਭਾਉਣ ਦਾ ਬਲ ਉਦਮ ਉਤਸ਼ਾਹ ਬਖ਼ਸ਼ਣਾ ਜੀ। ਕਿਰਪਾ ਕਰੋ ਆਗਿਆ ਬਖ਼ਸ਼ੋ । ਪੰਜ ਪਿਆਰੇ ਸਾਹਿਬਾਨ, ਖੰਡੇ ਅਤੇ ਬਾਟੇ ਸਹਿਤ ਤਿਆਰ ਹਨ ਜੀ । ਅੰਮ੍ਰਿਤ ਸੰਚਾਰ ਅਰੰਭ ਕਰਨ ਦੀ ਆਗਿਆ ਬਖ਼ਸ਼ੋ ਜੀ । ਨਾਮ ਦੀਆਂ ਦਾਤਾਂ ਬਖ਼ਸ਼ਿਸ਼ ਕਰਨੀਆਂ ਜੀ ।

**ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ ॥**
**ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥**

*ਵਿਅਕਤੀ ਦਾ ਨਾਮ

## Amrit Sanchar Ceremony

***Once Amrit is prepared***

Hey akal purakh Waheguru Ji!, aap ji di mahan kirpa hoi hai. Aap ji de saje nivaje Panj piarian valaon panj bania parh ke khanḍe baṭe di pahul tiar kiti gayi hai, aap ji agia bakhaso, jo prani amrit chakan de abhilakhi han uhana nu ȧmrit chakaun di agia bakhaso, aneka prakar di-an hoian bhulan cukan di khima karni, akhar vadha ghaṭa bhul chuk mu'aph karni, sarbat de karaj raas karane.

.

O Akal Purakh Waheguru, your great Grace has been given. After reading the five Banis by the Beloved Five, the Pahul of the Khande Baata has been prepared. Those that are acceptable to take the Amrit, please allow them to consume the Amrit. Please forgive various types of mistakes we have made, forgive the mistakes of our words, and please complete everyone’s work.

## ਅਮ੍ਰਿਤ ਸੰਚਾਰ

## ਅੰਮ੍ਰਿਤ ਤਿਆਰ ਹੋਣ ਤੇ ਅਰਦਾਸ

ਹੇ ਅਕਾਲ ਪੁਰਖ ਵਾਹਿਗੁਰੂ ਜੀ !, ਆਪ ਜੀ ਦੀ ਮਹਾਨ ਕਿਰਪਾ ਹੋਈ ਹੈ । ਆਪ ਜੀ ਦੇ ਸਾਜੇ ਨਿਵਾਜੇ ਪੰਜ ਪਿਆਰਿਆਂ ਵਲੋਂ ਪੰਜ ਬਾਣੀਆਂ ਪੜ੍ਹ ਕੇ ਖੰਡੇ ਬਾਟੇ ਦੀ ਪਾਹੁਲ ਤਿਆਰ ਕੀਤੀ ਗਈ ਹੈ, ਆਪ ਜੀ ਆਗਿਆ ਬਖਸ਼ੋ, ਜੋ ਪ੍ਰਾਣੀ ਅੰਮ੍ਰਿਤ ਛੱਕਣ ਦੇ ਅਭਿਲਾਖੀ ਹਨ ਉਹਨਾਂ ਨੂੰ ਅੰਮ੍ਰਿਤ ਛਕਾਉਣ ਦੀ ਆਗਿਆ ਬਖਸ਼ੋ, ਅਨੇਕ ਪ੍ਰਕਾਰ ਦੀਆਂ ਹੋਈਆਂ ਭੁੱਲਾਂ ਚੁਕਾਂ ਦੀ ਖਿਮਾਂ ਕਰਨੀ, ਅੱਖਰ ਵਾਧਾ ਘਾਟਾ ਭੁੱਲ ਚੁਕ ਮੁਆਫ ਕਰਨੀ, ਸਰਬੱਤ ਦੇ ਕਾਰਜ ਰਾਸ ਕਰਨੇ ।

> ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥
> ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥

## Amrit Sanchar Ceremony

### *After Completion*

Hey akal purakh Waheguru ji! Aap ji da kot an- kot dhanvad kita janda hai ki aap ji di kirpa sadka amrit abhilakhian nu amrit chakaia gia hai, amrit chakaudian be'ant parkar dian bhulan chukan hoian han, anjan dasare jan ke mu'aph kar denian, agahe ton sumat bakhsis karni. Jihanan prania ne amrit di dat prapat kiti hai uhana nu gurmat anusar apana jivan batit karan da amrit di dat nibhaun da bal ate udham bakhsis karna ji. Akhar vadha ghaṭa bhul chuk mu'aph karni, sarbat de karaj raas karane.

O Akal Purakh, Waheguru Ji! Thank you very much that with your permission, the Amritdharis have consumed the Amrit. Please forgive infinite types of mistakes during consumption of Amrit, forgive the mistake of forgetting, and give blessings of good intellect for the next time. For those who have received the Amrit, please bless them with the strength of duty and initiative to keep the gifts of Amrit. Forgive the mistakes of words, please complete every-one's work.

## ਅਮ੍ਰਿੰਤ ਸੰਚਾਰ

### ਅੰਮ੍ਰਿਤ ਛੱਕਣ ਤੋਂ ਬਾਅਦ

ਹੇ ਅਕਾਲ ਪੁਰਖ ਵਾਹਿਗੁਰੂ ਜੀ ! ਆਪ ਜੀ ਦਾ ਕੋਟਾਨਿ- ਕੋਟਿ ਧੰਨਵਾਦ ਕੀਤਾ ਜਾਂਦਾ ਹੈ ਕਿ ਆਪ ਜੀ ਦੀ ਕਿਰਪਾ ਸਦਕਾ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ਗਿਆ ਹੈ, ਅੰਮ੍ਰਿਤ ਛਕਾਉਦਿਆਂ ਬੇਅੰਤ ਪ੍ਰਕਾਰ ਦੀਆਂ ਭੁੱਲਾਂ ਚੁਕਾਂ ਹੋਈਆਂ ਹਨ, ਅਨਜਾਣ ਦਾਸਰੇ ਜਾਣ ਕੇ ਮੁਆਫ ਕਰ ਦੇਣੀਆਂ, ਅਗਾਹ ਤੋਂ ਸੁਮੱਤ ਬਖਸ਼ਿਸ਼ ਕਰਨੀ । ਜਿਨ੍ਹਾਂ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੈ ਉਹਨਾਂ ਨੂੰ ਗੁਰਮਤਿ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਦਾ ਅੰਮ੍ਰਿਤ ਦੀ ਦਾਤ ਨਿਭਾਉਣ ਦਾ ਬਲ ਅਤੇ ਉੱਦੱਮ ਬਖਸ਼ਿਸ਼ ਕਰਨਾ ਜੀ। ਅੱਖਰ ਵਾਧਾ ਘਾਟਾ ਭੁੱਲ ਚੁਕ ਮੁਆਫ ਕਰਨੀ, ਸਰਬੱਤ ਦੇ ਕਾਰਜ ਰਾਸ ਕਰਨੇ ।

**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥**
**ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥**

## Engagement and Anand Karaj (Marriage)

### *Before leaving Home for Gurdwara*

Hey akal purakh datar pita jio, aap ji da kot an kot sukar hai ji aap ji de bache/bachi …*... nu aap ji ne anand karaj/kurmai da sanjog bakhasis kita hai. es de sanbandh vich aap ji de bache aap ji da asarivad lain lai ikatar hoe han. Aap apana miharan bharia hath sira te rakhna ji. Es pavitar karaj lai jaan di agia bakhaso ji. Rasate vich kise vi taran di rukavaṭ na aun dena ji.

O respected father the Akal Purakh Ji, many thanks to you as you have blessed your child …*... in Marriage/ Engagement. In relation to this, your children are gathered to receive Your blessings. Keep your graceful hand on their heads. Please permit me to do this sacred work. Do not allow any obstacles to appear during this journey.

*Name of Bride/groom

## ਅਨੰਦ ਕਾਰਜ ਅਤੇ ਮੰਗਣਾ
## ਘਰੋਂ ਤੁਰਨ ਸਮੇਂ ਦੀ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਦਾ ਕੋਟਾਨ ਕੋਟ ਸ਼ੁਕਰ ਹੈ ਜੀ ਆਪ ਜੀ ਦੇ ਬੱਚੇ/ਬੱਚੀ ...*... ਨੂੰ ਆਪ ਜੀ ਨੇ ਅਨੰਦ ਕਾਰਜ/ਕੁੜਮਾਈ ਦਾ ਸੰਜੋਗ ਬਖ਼ਸ਼ਿਸ਼ ਕੀਤਾ ਹੈ । ਇਸ ਦੇ ਸੰਬੰਧ ਵਿੱਚ ਆਪ ਜੀ ਦੇ ਬੱਚੇ ਆਪ ਜੀ ਦਾ ਆਸ਼ਰੀਵਾਦ ਲੈਣ ਲਈ ਇਕੱਤਰ ਹੋਏ ਹਨ । ਆਪ ਆਪਣਾ ਮਿਹਰਾਂ ਭਰਿਆ ਹੱਥ ਸਿਰ ਤੇ ਰੱਖਣਾ ਜੀ । ਇਸ ਪਵਿੱਤਰ ਕਾਰਜ ਲਈ ਜਾਣ ਦੀ ਆਗਿਆ ਬਖਸ਼ੋ ਜੀ । ਰਸਤੇ ਵਿੱਚ ਕਿਸੇ ਵੀ ਤਰਾਂ ਦੀ ਰੁਕਾਵਟ ਨਾ ਆਉਣ ਦੇਣਾ ਜੀ ।

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥**
**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥**

*ਲੜਕੇ/ਲੜਕੀ ਦਾ ਨਾਮ

## Milni Ardas before Anand Karaj (Marriage)

### *At Gurdwara – Milni Ardas*

Hey akal purakh Waheguru ji! Aap ji di mahan kirpa hoi hai. Barat pahunchan uprant es vele do paravaran da mela hoon ja riha hai, aap ji milani arambh karan di agia bakhaso. Viaha de karaj vich ang-sang sahai hona.

O Akal Purakh Waheguru ji, Your abundant blessings are upon us. The Barat has arrived. At this time, the families are going to meet. Please allow us to start Milni. In the ceremonies of marriage, please assist us at each and every step.

## ਅਨੰਦ ਕਾਰਜ ਤੇ ਮਿਲਣੀ ਦੀ ਅਰਦਾਸ

### ਗੁਰਦੁਆਰੇ ਪੁੰਹਚਣ ਤੇ ਮਿਲਣੀ ਦੀ ਛੋਟੀ ਅਰਦਾਸ

ਹੇ ਅਕਾਲ ਪੁਰਖ ਵਾਹਿਗੁਰੂ ਜੀ ! ਆਪ ਜੀ ਦੀ ਮਹਾਨ ਕਿਰਪਾ ਹੋਈ ਹੈ । ਬਰਾਤ ਪਹੁੰਚਣ ਉਪਰੰਤ ਇਸ ਵੇਲੇ ਦੋ ਪਰਿਵਾਰਾਂ ਦਾ ਮੇਲ ਹੋਣ ਜਾ ਰਿਹਾ ਹੈ, ਆਪ ਜੀ ਮਿਲਣੀ ਆਰੰਭ ਕਰਨ ਦੀ ਆਗਿਆ ਬਖਸ਼ੋ । ਵਿਆਹ ਦੇ ਕਾਰਜਾਂ ਵਿੱਚ ਅੰਗ-ਸੰਗ ਸਹਾਈ ਹੋਣਾ ।

**ਹਰਿ ਪ੍ਰਭਿ ਕਾਜੁ ਰਚਾਇਆ ॥**
**ਗੁਰਮੁਖਿ ਵੀਆਹਣਿ ਆਇਆ ॥**

## Commencement of Engagement Ceremony

Hey akal purakh datar pita jio, aap ji da kot an kot shukar hai ji, aap ji da bacha ate bachi (naam) and pita ji da nama) kurmaie karavaun ja rahe han. Aap ji es pavitar karaj nu karan di agia bakhaso ji. Larka-larki nu chardi kala bakhasis karna. Aapas vich prem piara, ekata, itphak banai rakhana. .

O respected father Akal Purakh Ji, many thanks to You, your son and daughter (name, father's name) are going to be engaged. Please allow them to do this sacred work. Please bless the boy and girl with a bright future. Please ensure love, unity and peace between them.

# ਕੁੜਮਾਈ ਦੀ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਦਾ ਕੋਟਾਨ ਕੋਟ ਸ਼ੁਕਰ ਹੈ ਜੀ, ਆਪ ਜੀ ਦਾ ਬੱਚਾ ਅਤੇ ਬੱਚੀ (ਨਾਮ) ਅਤੇ ਪਿਤਾ ਜੀ ਦਾ ਨਾਮ) ਕੁੜਮਾਈ ਕਰਵਾਉਣ ਜਾ ਰਹੇ ਹਨ । ਆਪ ਜੀ ਇਸ ਪਵਿਤਰ ਕਾਰਜ ਨੂੰ ਕਰਨ ਦੀ ਆਗਿਆ ਬਖ਼ਸ਼ੋ ਜੀ । ਲੜਕਾ-ਲੜਕੀ ਨੂੰ ਚੜ੍ਹਦੀ ਕਲਾ ਬਖਸ਼ਿਸ਼ ਕਰਨਾ । ਆਪਸ ਵਿੱਚ ਪ੍ਰੇਮ ਪਿਆਰ, ਏਕਤਾ, ਇਤਫਾਕ ਬਣਾਈ ਰੱਖਣਾ ।

**ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥**
**ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥**

## *Commencement of Anand Karaj Ceremony*

Hey akal purakh datar pita jio, aap ji da kot an kot sukar hai ji, aap ji da bacha ate bachi (naam, pita ji da nama) grihasat marag vich praves karan ja rahe han. Aap ji anand karaj arambh karan di agia bakhaso ji.

O respected father Akal Purakh Ji, many thanks to you. Your son and daughter (name, father's name) are going to enter matrimonial life. Please grant us Your permission for us to start the marriage ceremony.

## ਅਨੰਦ ਕਾਰਜ ਦੀ ਅਰੰਭਤਾ ਦੀ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਦਾ ਕੋਟਾਨ ਕੋਟ ਸ਼ੁਕਰ ਹੈ ਜੀ, ਆਪ ਜੀ ਦਾ ਬੱਚਾ ਅਤੇ ਬੱਚੀ (ਨਾਮ, ਪਿਤਾ ਜੀ ਦਾ ਨਾਮ) ਗ੍ਰਿਹਸਤ ਮਾਰਗ ਵਿਚ ਪ੍ਰਵੇਸ਼ ਕਰਨ ਜਾ ਰਹੇ ਹਨ। ਆਪ ਜੀ ਅਨੰਦ ਕਾਰਜ ਅਰੰਭ ਕਰਨ ਦੀ ਆਗਿਆ ਬਖ਼ਸ਼ੋ ਜੀ।

ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਞ ਸੁੋਹੰਦੀ ॥੩॥

## Completion of Anand Karaj Ceremony

Hey akal purakh datar pita jio, aap ji da kot an kot shukar hai ji, aap ji di bakhasis kiti hoi mar-iada sahit aap ji de bache (Larke da naam) da subh anand karaj nal hoia hai. Aap ji ne kirpa kar-ni, (Larke da naam) ate (Larki da naam) jo ki grahisat jivan vich praves hon ja rahe han, uhana de ser te mihara bharia hath rakhana ate aapsi prem pi-ar itaphak bakhasis karna. eh karaj sangat di hazari vich hoia. Gursikhi jivan te naam dian datan bakhasis karania ji.

O respected father Akal Purakh Ji, many thanks to You. With your blessings, your child (Groom's name) has married (Bride's name). Please bless, (Groom's name) and (Bride's name), who are going to enter matrimonial life. Please keep Your loving hands on their heads and bless them with love for each other. This work will be done in the presence of the Sangat. Please bless them with GurSikh life and Your Name.

# ਅਨੰਦ ਕਾਰਜ ਸੰਪੂਰਨਤਾ ਦੀ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਦਾ ਕੋਟਾਨ ਕੋਟ ਸ਼ੁਕਰ ਹੈ ਜੀ, ਆਪ ਜੀ ਦੀ ਬਖ਼ਸ਼ਿਸ਼ ਕੀਤੀ ਹੋਈ ਮਰਿਆਦਾ ਸਹਿਤ ਆਪ ਜੀ ਦੇ ਬੱਚੇ (ਲੜਕੇ ਦਾ ਨਾਮ) ਦਾ ਸ਼ੁੱਭ ਅਨੰਦ ਕਾਰਜ (ਲੜਕੀ ਦਾ ਨਾਮ) ਨਾਲ ਹੋਇਆ ਹੈ। ਆਪ ਜੀ ਨੇ ਕਿਰਪਾ ਕਰਨੀ, (ਲੜਕੇ ਦਾ ਨਾਮ) ਅਤੇ (ਲੜਕੀ ਦਾ ਨਾਮ) ਜੋ ਕਿ ਗ੍ਰਿਹਿਸਤ ਜੀਵਨ ਵਿੱਚ ਪ੍ਰਵੇਸ਼ ਹੋਣ ਜਾ ਰਹੇ ਹਨ, ਉਹਨਾਂ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖਣਾ ਅਤੇ ਆਪਸੀ ਪ੍ਰੇਮ ਪਿਆਰ ਇਤਫਾਕ ਬਖ਼ਸ਼ਿਸ਼ ਕਰਨਾ। ਇਹ ਕਾਰਜ ਸੰਗਤ ਦੀ ਹਾਜ਼ਰੀ ਵਿੱਚ ਹੋਇਆ। ਗੁਰਸਿੱਖੀ ਜੀਵਨ ਤੇ ਨਾਮ ਦੀਆਂ ਦਾਤਾਂ ਬਖ਼ਸ਼ਿਸ਼ ਕਰਨੀਆਂ ਜੀ।

**ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥**
**ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥**

## Sukhmani Sahib Paath: Embarking on a business venture

### *Start of a new Business - Seeking blessings for New Office*

Waheguru sahib jiu! Apa ji de dar ghar de sevak ….*… de nave karobaran di khusi hit"dhur ki bani ai. Tin sagli chint miṭai." De sangati rup ch sri sukhmani sahib ji de paṭh ate gurbani kirtan ate 6 paurian anand sahib ji de paṭh hoe han. Singhan paso gurabani de paṭh karadian hoian anek prkar dia bhulan chukan mu'aph karania. Age ton sudh bani ate seva karan da bal udam bakhasana. Pravar valaon aap ji da ot asa-ra lainde hoe ardas benati hai ki karobaran ch tarakian bakhasania, vadhe karne ji.

Respected Waheguru! At Your door, Your servant ….*… due to the happiness from a new business, conducted Sri Sukhmani Sahib Ji Paath with the sadh sangat gathering of "Dhur Ki Bani Aai Tinni Sagli Chint Mitaai", reciting Gurbani Kirtan and 6 Pauris of Anand Sahib Ji. Please forgive us for our many mistakes while reading Gurbani. Please grant us the strength to recite pure Bani and do Seva. The family, while taking your support, is praying for profits in their business.

*Name of the person

## ਸੁਖਮਨੀ ਸਾਹਿਬ ਪਾਠ: ਵਪਾਰ (ਕੰਮਕਾਰ) ਨਾਲ ਸੰਬੰਧਿਤ
## (ਨਵੇਂ ਕਾਰੋਬਾਰਾਂ ਦੀ ਖੁਸ਼ੀ ਹਿੱਤ)

ਵਾਹਿਗੁਰੂ ਸਾਹਿਬ ਜੀਓ! ਆਪ ਜੀ ਦੇ ਦਰ ਘਰ ਦੇ ਸੇਵਕ ...*... ਦੇ ਨਵੇਂ ਕਾਰੋਬਾਰਾਂ ਦੀ ਖੁਸ਼ੀ ਹਿੱਤ "ਧੁਰ ਕੀ ਬਾਣੀ ਆਈ । ਤਿਨਿ ਸਗਲੀ ਚਿੰਤ ਮਿਟਾਈ ।" ਦੇ ਸੰਗਤੀ ਰੂਪ ਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਗੁਰਬਾਣੀ ਕੀਰਤਨ ਅਤੇ ੬ ਪਉੜੀਆਂ ਅਨੰਦ ਸਾਹਿਬ ਜੀ ਦੇ ਪਾਠ ਹੋਏ ਹਨ । ਸਿਘਾਂ ਪਾਸੋਂ ਗੁਰਬਾਣੀ ਦੇ ਪਾਠ ਕਰਦਿਆਂ ਅਨੇਕ ਪ੍ਰਕਾਰ ਦੀਆ ਹੋਈਆਂ ਭੁੱਲਾਂ ਚੁਕਾਂ ਮੁਆਫ ਕਰਨੀਆਂ । ਅਗੇ ਤੋਂ ਸ਼ੁਧ ਬਾਣੀ ਅਤੇ ਸੇਵਾ ਕਰਨ ਦਾ ਬਲ ਉਦੱਮ ਬਖ਼ਸ਼ਣਾ । ਪਰਿਵਾਰ ਵੱਲੋਂ ਆਪ ਜੀ ਦਾ ਓਟ ਆਸਰਾ ਲੈਂਦੇ ਹੋਏ ਅਰਦਾਸ ਬੇਨਤੀ ਹੈ ਕਿ ਕਾਰੋਬਾਰਾਂ ਚ ਤਰੱਕੀਆਂ ਬਖਸ਼ਣੀਆਂ, ਵਾਧੇ ਕਰਨੇ ਜੀ ।

**ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥**
**ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥**

*ਵਿਅਕਤੀ ਦਾ ਨਾਮ

# Sri Akhand Paath Sahib

## *Commencement*

He akal purakh datar pita jio, aap ji de sevak …*… nu aap ji ne bal bakhsis kita hai ji. Aap ji di pavan bani, 'dhur ki bani ilahi bani de sri akhanḍ paṭh sahib arambh karva rahe haan, kirpa karo, sri akhanḍ paṭh arambh karan di agia bakhsis karo. Aap ji ne kirpa karke sudh ate sapasaṭ bani parhan di bakhasis karni. Bani da bhav hirade vich vasa ke, sanu tuhaḍi diti hoi sikhia te chalan da bal bakhasis karna. Gursikhi jivan te naam dia datan bakhasis karania ji.

O respected Father Akal Purakh Ji, please give Your servant …*… Your strength. Reciting your holy Baani, "Dhur Ki Baani" spiritual Baani of Sri Akhand Paath, please give us Your permission to initiate Sri Akhand Paath Sahib. Please give the blessing of reading it with purity and clarity. By enshrining the meaning of Bani in the heart, please bless us with the strength to follow Your teachings. Please bless us with the gifts of GurSikh life and Your name.

*Name of the person

## ਸ਼੍ਰੀ ਅਖੰਡ ਪਾਠ ਸਾਹਿਬ

## ਅਰੰਭਤਾ ਦੀ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਦੇ ਸੇਵਕ ...*... ਨੂੰ ਆਪ ਜੀ ਨੇ ਬਲ ਬਖ਼ਸ਼ਿਸ਼ ਕੀਤਾ ਹੈ ਜੀ । ਆਪ ਜੀ ਦੀ ਪਾਵਨ ਬਾਣੀ, 'ਧੁਰ ਕੀ ਬਾਣੀ/ ਇਲਾਹੀ ਬਾਣੀ ਦੇ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾ ਰਹੇ ਹਨ, ਕਿਰਪਾ ਕਰੋ, ਸ਼੍ਰੀ ਅਖੰਡ ਪਾਠ ਅਰੰਭ ਕਰਨ ਦੀ ਆਗਿਆ ਬਖ਼ਸ਼ਿਸ਼ ਕਰੋ ।ਆਪ ਜੀ ਨੇ ਕਿਰਪਾ ਕਰਕੇ ਸ਼ੁੱਧ ਅਤੇ ਸਪੱਸ਼ਟ ਬਾਣੀ ਪੜ੍ਹਨ ਦੀ ਬਖਸ਼ਿਸ਼ ਕਰਨੀ । ਬਾਣੀ ਦਾ ਭਾਵ ਹਿਰਦੇ ਵਿਚ ਵਸਾ ਕੇ, ਸਾਨੂੰ ਤੁਹਾਡੀ ਦਿੱਤੀ ਹੋਈ ਸਿੱਖਿਆ ਤੇ ਚੱਲਣ ਦਾ ਬਲ ਬਖ਼ਸ਼ਿਸ਼ ਕਰਨਾ । ਗੁਰਸਿੱਖੀ ਜੀਵਨ ਤੇ ਨਾਮ ਦੀਆਂ ਦਾਤਾਂ ਬਖ਼ਸ਼ਿਸ਼ ਕਰਨੀਆਂ ਜੀ ।

**ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ ॥**
**ਏਕੋ ਸੇਵਨਿ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ ॥੬॥**

*ਵਿਅਕਤੀ ਦਾ ਨਾਮ

## *Mid way of Paath*

Hey akal purakh datar pita jio, aap ji da kot an kot dhanvad hai, aap ji de kal roz ton apni ilahi bani/dhur ki bani sri guru granth sahib ji di pavan bani de pravah chalae. Hun tak jini vi bani parhi gai hai, bani parhadian, hoian bhula cukan di mafi bakhasani jekar koi bhulan chukan ho gaian han, aap ji ne bak̲sh laina ji. Rehndi bani vich aap ji ne ang sang sahai ho karake sudha te sapasaṭ bani parhan te sunan di dat bakhasis karni. Bani da bhaav hirade vich vasa ke, sanu kalajugi jivan nu apa ji di diti hoi sikhia anusar chalan da bal bakhasana.

O respected Father Akal Purakh Ji! Many thanks to You. Akhand Paath of Shri Guru Granth Sahib Ji has been recited since yesterday. For the Bani which has been recited till now, if any mistakes have been made, please forgive us. During the remaining Bani, please bless us with the ability to recite and listen to pure and clear Bani. After imbuing Bani in our hearts, please give us the strength to live according to the teachings You have given us.

# ਸ਼੍ਰੀ ਅਖੰਡ ਪਾਠ ਸਾਹਿਬ

## ਮੱਧ ਦੀ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਦਾ ਕੋਟਾਨ ਕੋਟ ਧੰਨਵਾਦ ਹੈ, ਆਪ ਜੀ ਦੇ ਕੱਲ ਰੋਜ਼ ਤੋਂ ਆਪਣੀ ਇਲਾਹੀ ਬਾਣੀ/ਧੁਰ ਕੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਪ੍ਰਵਾਹ ਚਲਾਏ । ਹੁਣ ਤਕ ਜਿੰਨੀ ਵੀ ਬਾਣੀ ਪੜ੍ਹੀ ਗਈ ਹੈ, ਬਾਣੀ ਪੜ੍ਹਦਿਆਂ, ਹੋਈਆਂ ਭੁਲਾਂ ਚੁਕਾਂ ਦੀ ਮਾਫ਼ੀ ਬਖ਼ਸ਼ਣੀ ਜੇਕਰ ਕੋਈ ਭੁੱਲਾਂ ਚੁੱਕਾਂ ਹੋ ਗਈਆਂ ਹਨ, ਆਪ ਜੀ ਨੇ ਬਖ਼ਸ਼ ਲੈਣਾ ਜੀ । ਰਹਿੰਦੀ ਬਾਣੀ ਵਿੱਚ ਆਪ ਜੀ ਨੇ ਅੰਗ ਸੰਗ ਸਹਾਈ ਹੋ ਕਰਕੇ ਸ਼ੁੱਧ ਤੇ ਸਪਸ਼ਟ ਬਾਣੀ ਪੜ੍ਹਨ ਤੇ ਸੁਣਨ ਦੀ ਦਾਤ ਬਖ਼ਸ਼ਿਸ਼ ਕਰਨੀ । ਬਾਣੀ ਦਾ ਭਾਵ ਹਿਰਦੇ ਵਿੱਚ ਵਸਾ ਕੇ, ਸਾਨੂੰ ਕਲਜੁਗੀ ਜੀਵਾਂ ਨੂੰ ਆਪ ਜੀ ਦੀ ਦਿੱਤੀ ਹੋਈ ਸਿੱਖਿਆ ਅਨੁਸਾਰ ਚੱਲਣ ਦਾ ਬਲ ਬਖ਼ਸ਼ਣਾ ।

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥
ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ ॥੧॥

## Sri Akhand Paath Sahib

### *Completion of Akhand Paath Sahib*

Hey akal purakh datar pita jio, aap ji da kot an kot dhanvad hai, aap ji ne Das…*…ute bakhasis kiti hai. Parason ton aap ji ne aapni ilahi bani/dhur ki bani sri guru grath sahib ji di pavan bani de akhand pravah chalae han. Es vakhat aap ji di ilahi bani di sampuranata di ardas hai ji. Samuchi bani parhadian, aneka parkar dian bhulan chukan ho gaian han, aap ji ne bakhas laina ji. Samuchi bani da bhav hirade 'ch vasa ke, sanu kalajugi jivan nu aap ji di diti hoi sikhi anusar chalan da bal bakhsana. Parivar vich aapsi prem piar bakhasis karana. Gursikhi jivan te naam dia datan bakhasis karanian ji.

O respected Father Akal Purakh Ji, many thanks to you, You have blessed …*… From the day before yesterday, through the Holy Bani of Sri Guru Granth Sahib Ji, Bani has been continuously recited. This is the Ardaas for the completion of your divine Bani. During the course of reading, please forgive us for all kinds of mistakes. After imbuing Bani into our hearts, please give us the strength to live according to Your teachings. Please grant the family with love amongst each other. Please bless them with Gur Sikhi life and Your name.

*Name of the person

## ਸ਼੍ਰੀ ਅਖੰਡ ਪਾਠ ਸਾਹਿਬ
## ਅਖੰਡ ਪਾਠ ਸਾਹਿਬ ਦੀ ਸੰਪੂਰਨਤਾ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਦਾ ਕੋਟਾਨ ਕੋਟ ਧੰਨਵਾਦ ਹੈ, ਆਪ ਜੀ ਨੇ ਦਾਸ...*... ਉੱਤੇ ਬਖ਼ਸ਼ਿਸ਼ ਕੀਤੀ ਹੈ । ਪਰਸੋਂ ਤੋਂ ਆਪ ਜੀ ਨੇ ਆਪਣੀ ਇਲਾਹੀ ਬਾਣੀ/ਧੁਰ ਕੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਅਖੰਡ ਪ੍ਰਵਾਹ ਚਲਾਏ ਹਨ । ਇਸ ਵਖਤ ਆਪ ਜੀ ਦੀ ਇਲਾਹੀ ਬਾਣੀ ਦੀ ਸੰਪੂਰਨਤਾ ਦੀ ਅਰਦਾਸ ਹੈ ਜੀ । ਸਮੁੱਚੀ ਬਾਣੀ ਪੜ੍ਹਦਿਆਂ, ਅਨੇਕਾਂ ਪ੍ਰਕਾਰ ਦੀਆਂ ਭੁੱਲਾਂ ਚੁੱਕਾਂ ਹੋ ਗਈਆਂ ਹਨ, ਆਪ ਜੀ ਨੇ ਬਖ਼ਸ਼ ਲੈਣਾ ਜੀ । ਸਮੁੱਚੀ ਬਾਣੀ ਦਾ ਭਾਵ ਹਿਰਦੇ 'ਚ ਵਸਾ ਕੇ, ਸਾਨੂੰ ਕਲਜੁਗੀ ਜੀਵਾਂ ਨੂੰ ਆਪ ਜੀ ਦੀ ਦਿੱਤੀ ਹੋਈ ਸਿੱਖਿਆ ਅਨੁਸਾਰ ਚੱਲਣ ਦਾ ਬਲ ਬਖ਼ਸ਼ਣਾ । ਪਰਿਵਾਰ ਵਿੱਚ ਆਪਸੀ ਪ੍ਰੇਮ ਪਿਆਰ ਬਖ਼ਸ਼ਿਸ਼ ਕਰਨਾ । ਗੁਰਸਿੱਖੀ ਜੀਵਨ ਤੇ ਨਾਮ ਦੀਆਂ ਦਾਤਾਂ ਬਖ਼ਸ਼ਿਸ਼ ਕਰਨੀਆਂ ਜੀ ।

**ਧੁਰ ਕੀ ਬਾਣੀ ਆਈ ॥**
**ਤਿਨਿ ਸਗਲੀ ਚਿੰਤ ਮਿਟਾਈ ॥**

*ਵਿਅਕਤੀ ਦਾ ਨਾਮ

## Sri Sehaj Paath

### *Before the Path commencement*

He akal purakh datar pita jio, aap ji de sevak …*… nu aap ji ne bal bakhsis kita hai ji. Aap ji di pavan bani, 'dhur ki bani ilahi bani de sri Sehaj paṭh sahib arambh karva rahe haan, kirpa karo, sri Sehaj paṭh arambh karan di agia bakhsis karo. Aap ji ne kirpa karke sudh ate sapasaṭ bani parhan di bakhasis karni. Bani da bhav hirade vich vasa ke, sanu tuhaḍi diti hoi sikhia te chalan da bal bakhasis karna. Gursikhi jivan te naam dia datan bakhasis karania ji.

O respected Father Akal Purakh Ji, please give Your servant …*… Your strength. Reciting your holy Baani, "Dhur Ki Baani" spiritual Baani of Sri Sehaj Paath, please give Your permission to initiate Sri Sehaj Paath Sahib. Please give the blessing of reading it with purity and clarity. By enshrining the meaning of Bani in the heart, please bless us with the strength to follow Your teachings. Please bless us with the gifts of Gursikhi life and Your Name.

*Name of the person

# ਸ਼੍ਰੀ ਸਹਿਜ ਪਾਠ
## ਪਾਠ ਸ਼ੁਰੂ ਕਰਨ ਤੋਂ ਪਹਿਲਾਂ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਦੇ ਸੇਵਕ ...*... ਨੂੰ ਆਪ ਜੀ ਨੇ ਬਲ ਬਖ਼ਸ਼ਿਸ਼ ਕੀਤਾ ਹੈ ਜੀ । ਆਪ ਜੀ ਦੀ ਪਾਵਨ ਬਾਣੀ, 'ਧੁਰ ਕੀ ਬਾਣੀ/ ਇਲਾਹੀ ਬਾਣੀ ਦੇ ਸ਼੍ਰੀ ਸਹਿਜ ਪਾਠ ਸਾਹਿਬ ਆਰੰਭ ਕਰਵਾ ਰਹੇ ਹਨ, ਕਿਰਪਾ ਕਰੋ, ਸ਼੍ਰੀ ਸਹਿਜ ਪਾਠ ਅਰੰਭ ਕਰਨ ਦੀ ਆਗਿਆ ਬਖ਼ਸ਼ਿਸ਼ ਕਰੋ ।ਆਪ ਜੀ ਨੇ ਕਿਰਪਾ ਕਰਕੇ ਸ਼ੁੱਧ ਅਤੇ ਸਪੱਸ਼ਟ ਬਾਣੀ ਪੜ੍ਹਨ ਦੀ ਬਖਸ਼ਿਸ਼ ਕਰਨੀ । ਬਾਣੀ ਦਾ ਭਾਵ ਹਿਰਦੇ ਵਿਚ ਵਸਾ ਕੇ, ਸਾਨੂੰ ਤੁਹਾਡੀ ਦਿੱਤੀ ਹੋਈ ਸਿੱਖਿਆ ਤੇ ਚੱਲਣ ਦਾ ਬਲ ਬਖ਼ਸ਼ਿਸ਼ ਕਰਨਾ । ਗੁਰਸਿੱਖੀ ਜੀਵਨ ਤੇ ਨਾਮ ਦੀਆਂ ਦਾਤਾਂ ਬਖ਼ਸ਼ਿਸ਼ ਕਰਨੀਆਂ ਜੀ ।

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥**
**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥**

*ਵਿਅਕਤੀ ਦਾ ਨਾਮ

# Sri Sehaj Paath

## *Re-commencement*

Hey akal purakh datar pita jio, aap ji de sevak ...*... nu aap ji ne bal bakhasis kita hai ji. Hun tak jini vi bani parhi gai hai, aap ne dar parvan karni Ji. Rehndi bani vich aap ji ne ang sang sa-hai ho karake sudh te sapasaṭ bani parhan te sunan di dat bakhasis karni ji. Bani da bhav hirade ch vasa ke, sanu aap ji di diti hoi sikhia anusar chalan da bal bakhasis karna. Gur sikhi jivan te naam dian datan bakhasis karania ji.

O Respected Father Akal Purakh Ji, You have blessed Your servant ...*... with strength. Please accept the hymns that have been read. Please guide us to recite and listen to the re-maining Bani with purity and clarity. After imbuing this Bani in-to our hearts, please grant us the strength to live according to the teachings You have given us. Please bless us with Your Gursikh life and Name.

*Name of the person

## ਰੋਜ਼ਾਨਾ ਪਾਠ ਕਰਨ ਤੋਂ ਪਹਿਲਾਂ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਦੇ ਸੇਵਕ ...*... ਨੂੰ ਆਪ ਜੀ ਨੇ ਬਲ ਬਖ਼ਸ਼ਿਸ਼ ਕੀਤਾ ਹੈ ਜੀ । ਹੁਣ ਤਕ ਜਿੰਨੀ ਵੀ ਬਾਣੀ ਪੜ੍ਹੀ ਗਈ ਹੈ, ਆਪ ਨੇ ਦਰ ਪ੍ਰਵਾਨ ਕਰਨੀ ਜੀ। ਰਹਿੰਦੀ ਬਾਣੀ ਵਿੱਚ ਆਪ ਜੀ ਨੇ ਅੰਗ ਸੰਗ ਸਹਾਈ ਹੋ ਕਰਕੇ ਸ਼ੁੱਧ ਤੇ ਸਪਸ਼ਟ ਬਾਣੀ ਪੜ੍ਹਨ ਤੇ ਸੁਣਨ ਦੀ ਦਾਤ ਬਖ਼ਸ਼ਿਸ਼ ਕਰਨੀ ਜੀ । ਬਾਣੀ ਦਾ ਭਾਵ ਹਿਰਦੇ ਚ' ਵਸਾ ਕੇ, ਸਾਨੂੰ ਆਪ ਜੀ ਦੀ ਦਿੱਤੀ ਹੋਈ ਸਿੱਖਿਆ ਅਨੁਸਾਰ ਚੱਲਣ ਦਾ ਬਲ ਬਖ਼ਸ਼ਿਸ਼ ਕਰਨਾ । ਗੁਰਸਿੱਖੀ ਜੀਵਨ ਤੇ ਨਾਮ ਦੀਆਂ ਦਾਤਾਂ ਬਖ਼ਸ਼ਿਸ਼ ਕਰਨੀਆਂ ਜੀ ।

ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ ॥
ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ ॥੧॥ ਰਹਾਉ ॥

* ਵਿਅਕਤੀ ਦਾ ਨਾਮ

## Sehaj Paath

***Upon Completion of Sehaj Path***

Hey akal purakh datar pita jio! Aap ji da kot an kot dhanavad, aap ji ne sevak ute bahut bakhasis kiti hai. Aap ji ne sri guru granth sahib ji di pavan bani de pravah chalae han. es vakhat aap ji di ilahi bani di sampuranata di ardas hai. Aneka prakar dian bhulan chukan ho gaian han, aap ji ne bakhas laina. Samuhci bani da bhav hirade 'ch vasa ke, sanu kalajugi jivan nu aap ji di diti hoi sikhia anusar chalan da bal bakhsana.

O respected Father Akal Purakh, many thanks to You. You have blessed Your servant. Through Your divine words of the Sehaj Paath of Sri Guru Granth Sahib Ji, the Bani was read. This is a prayer for the completion of your divine Bani. Many kinds of mistakes may have been made, so please forgive us. After imbuing the Bani within our hearts, please grant us the strength to live according to Your teachings.

## ਸਹਿਜ ਪਾਠ ਦੀ ਸੰਪੂਰਨਤਾ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ! ਆਪ ਜੀ ਦਾ ਕੋਟਾਨ ਕੋਟ ਧੰਨਵਾਦ, ਆਪ ਜੀ ਨੇ ਸੇਵਕ ਉੱਤੇ ਬਹੁਤ ਬਖ਼ਸ਼ਿਸ਼ ਕੀਤੀ ਹੈ । ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਪ੍ਰਵਾਹ ਚਲਾਏ ਹਨ। ਇਸ ਵਖਤ ਆਪ ਜੀ ਦੀ ਇਲਾਹੀ ਬਾਣੀ ਦੀ ਸੰਪੂਰਨਤਾ ਦੀ ਅਰਦਾਸ ਹੈ । ਅਨੇਕ ਪ੍ਰਕਾਰ ਦੀਆਂ ਭੁੱਲਾਂ ਚੁੱਕਾਂ ਹੋ ਗਈਆਂ ਹਨ, ਆਪ ਜੀ ਨੇ ਬਖ਼ਸ਼ ਲੈਣਾ । ਸਮੁੱਚੀ ਬਾਣੀ ਦਾ ਭਾਵ ਹਿਰਦੇ 'ਚ ਵਸਾ ਕੇ, ਸਾਨੂੰ ਕਲਜੁਗੀ ਜੀਵਾਂ ਨੂੰ ਆਪ ਜੀ ਦੀ ਦਿੱਤੀ ਹੋਈ ਸਿੱਖਿਆ ਅਨੁਸਾਰ ਚੱਲਣ ਦਾ ਬਲ ਬਖ਼ਸ਼ਣਾ ।

**ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥**
**ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥੩॥**

## Death Ceremony

### *Washing Body*

Hey akal purakh datar pita jio, aap ji valon bheje jiv …*… aap ji valon bakhsis kite savas pure karke es sansar ton akal chalana kar gae han. Uhana di miratak deh nu aap ji di bakhsis kiti hoi mariada anusar antim sansakar ton pahilan deh nu isanan karavaun lage han, agia bakhaso. Aap ji ne kirpa karni vichuri hoi atama nu aatmik shanti bakhasani ji.

O respected Father Akal Purakh Ji, Your child …*… after completing his breath blessed by You, has fulfilled his life. We are going to bathe his body before fulfilling the last rites as taught by you. Please grant us your permission to proceed. Please bless the departed soul with peace.

*Name of the person

## ਮਿਰਤਕ ਸੰਸਕਾਰ

### ਦੇਹ ਇਸ਼ਨਾਨ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਵੱਲੋਂ ਭੇਜੇ ਜੀਵ ...*... ਆਪ ਜੀ ਵੱਲੋਂ ਬਖ਼ਸ਼ਿਸ਼ ਕੀਤੇ ਸਵਾਸ ਪੂਰੇ ਕਰਕੇ ਇਸ ਸੰਸਾਰ ਤੋਂ ਅਕਾਲ ਚਲਾਣਾ ਕਰ ਗਏ ਹਨ । ਉਹਨਾਂ ਦੀ ਮਿਰਤਕ ਦੇਹ ਨੂੰ ਆਪ ਜੀ ਦੀ ਬਖ਼ਸ਼ਿਸ਼ ਕੀਤੀ ਹੋਈ ਮਰਿਆਦਾ ਅਨੁਸਾਰ ਅੰਤਿਮ ਸਸਕਾਰ ਤੋਂ ਪਹਿਲਾਂ ਦੇਹ ਨੂੰ ਇਸ਼ਨਾਨ ਕਰਵਾਉਣ ਲੱਗੇ ਹਾਂ, ਆਗਿਆ ਬਖ਼ਸ਼ੋ । ਆਪ ਜੀ ਨੇ ਕਿਰਪਾ ਕਰਨੀ ਵਿਛੁੜੀ ਹੋਈ ਆਤਮਾ ਨੂੰ ਆਤਮਿਕ ਸ਼ਾਂਤੀ ਬਖ਼ਸ਼ਨੀ ਜੀ ।

**ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥**
**ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥**

*ਵਿਅਕਤੀ ਦਾ ਨਾਮ

## Death Ceremony

***Offering Body to the pyre***

Hey akal purakh datar pita jio, aap ji valon bheje jiv …*…aap ji valon bakhasis kite savas pure karake es sansar ton akal cha-lana kar gae han. Uhana di miratak deh nu aap ji di bakhasis kiti hoi mariada anusar antim sansakar lai tiar kiti gai hai. Miratak deh nu agan bheṭ karan di agia bakhasis karo. Aap ji ne kirpa karni, vichuri hoi aatma nu ruhi sakun bakhsana. Apane charana ‘ch nivas bakhas ke piche paravar nu bhana manan da bal bakhasana. Vichuri hoi aatma pason sansar vich vicharadian hoian jane anajane aneka bhulan galatian ho gaiaṁ honagian, bhulan na chitarade hoe, aatma nu shanti bakhsani. Paravar de ser te mihra bharia hath rakhana, gur sikhi jivan te naam dian datan bakhsis karania ji.

O Respected Father Akal Purakh Ji, Your child …*… after completing His breath blessed by you, has fulfilled his life. His body has been prepared for the last cremation rites in accord-ance to Your teachings. Please allow the body to be burned. May You show kindness, and give peace to the departed soul. Please grant the soul residence at Your feet and give the family strength to obey Your will. The separated soul, while living in the world knowingly or unknow-ingly might have commited many mistakes. Please ignore these mistakes, and grant his soul peace. Please keep Your blessed hand on the head of the family, and bless it with GurSikh life and Your name.

*Name of the person

## ਮਿਰਤਕ ਸੰਸਕਾਰ

## ਅਗਨ ਭੇਟ ਦੀ ਅਰਦਾਸ

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਵੱਲੋਂ ਭੇਜੇ ਜੀਵ ...*... ਆਪ ਜੀ ਵੱਲੋਂ ਬਖ਼ਸ਼ਿਸ਼ ਕੀਤੇ ਸਵਾਸ ਪੂਰੇ ਕਰਕੇ ਇਸ ਸੰਸਾਰ ਤੋਂ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦੀ ਮਿਰਤਕ ਦੇਹ ਨੂੰ ਆਪ ਜੀ ਦੀ ਬਖ਼ਸ਼ਿਸ਼ ਕੀਤੀ ਹੋਈ ਮਰਿਆਦਾ ਅਨੁਸਾਰ ਅੰਤਿਮ ਸਸਕਾਰ ਲਈ ਤਿਆਰ ਕੀਤੀ ਗਈ ਹੈ। ਮਿਰਤਕ ਦੇਹ ਨੂੰ ਅਗਨ ਭੇਟ ਕਰਨ ਦੀ ਆਗਿਆ ਬਖ਼ਸ਼ਿਸ਼ ਕਰੋ। ਆਪ ਜੀ ਨੇ ਕਿਰਪਾ ਕਰਨੀ, ਵਿਛੁੜੀ ਹੋਈ ਆਤਮਾ ਨੂੰ ਰੂਹੀ ਸਕੂਨ ਬਖ਼ਸ਼ਨਾ। ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ ਕੇ ਪਿੱਛੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣਾ। ਵਿਛੁੜੀ ਹੋਈ ਆਤਮਾ ਪਾਸੋਂ ਸੰਸਾਰ ਵਿੱਚ ਵਿਚਰਦਿਆਂ ਹੋਇਆਂ ਜਾਣੇ ਅਨਜਾਣੇ ਅਨੇਕ ਭੁੱਲਾਂ ਗਲਤੀਆਂ ਹੋ ਗਈਆਂ ਹੋਣਗੀਆਂ, ਭੁੱਲਾਂ ਨਾ ਚਿਤਾਰਦੇ ਹੋਏ, ਆਤਮਾ ਨੂੰ ਸ਼ਾਂਤੀ ਬਖ਼ਸ਼ਣੀ। ਪਰਿਵਾਰ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖਣਾ, ਗੁਰਸਿੱਖੀ ਜੀਵਨ ਤੇ ਨਾਮ ਦੀਆਂ ਦਾਤਾਂ ਬਖ਼ਸ਼ਿਸ਼ ਕਰਨੀਆਂ ਜੀ।

**ਦੇਹੀ ਜਾਤਿ ਨ ਆਗੈ ਜਾਏ ॥**
**ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ ॥**

*ਵਿਅਕਤੀ ਦਾ ਨਾਮ

## Death Ceremony

***Upon Completion of Offering Body to the pyre (Sohila Sahib)***

Hey akal purakh datar pita jio, aap ji valon bheje jiva …*… aap ji valon bakhsis kite savas pure karke es sansar ton akal chalana kar gae han. Uhana di miratak deh nu aap ji di bakhasis kiti hoi mariada anusar agan bheṭ kita gia hai. Samuchi mariada nibhaunde hoe aneka prakar diaṁ bhulan ġalatian hoyian han, bhulan na chitarana ji. Aap ji ne kirpa karni vichuri hoi aatma nu ruhi sakun bakhasana. Apane charana 'ch nivas bakhas ke piche parvar nu bhana manan da bal bakhasana. Vichuri hoi aatma pason sansar vich vichradian hoian jane anajane aneka bhulan ġalatian ho gaian honagian, bhulan na chitarade hoe, atama nu shanti bakhsani. Paravara de sira te mihara bharia hath rakhana, gursikhi jivan te naam dian data bakhasis karania ji.

O Respected Father Akal Purakh Ji, your child …*… after completing his breath blessed by You, has fulfilled his life. His body has been burned according to the rites You have granted with Your Grace. Many types of mistakes may have been made while following the rites, so please ignore them. Please bless the departed soul. Give the family a stay at Your feet, and give strength to the family. The departed soul, while living in the world, knowingly or unknowingly might have made many mistakes. Please ignore the mistakes, and grant it peace. Keep Your blessed hand on the head of the family, and bless them with GurSikh life and Your name.

*Name of the person

## ਮਿਰਤਕ ਸੰਸਕਾਰ

## ਅਗਨ ਭੇਟ ਉਪਰੰਤ (ਸੋਹਿਲਾ ਸਾਹਿਬ)

ਹੇ ਅਕਾਲ ਪੁਰਖ ਦਾਤਾਰ ਪਿਤਾ ਜੀਓ, ਆਪ ਜੀ ਵੱਲੋਂ ਭੇਜੇ ਜੀਵ ...*... ਆਪ ਜੀ ਵੱਲੋਂ ਬਖ਼ਸ਼ਿਸ਼ ਕੀਤੇ ਸਵਾਸ ਪੂਰੇ ਕਰਕੇ ਇਸ ਸੰਸਾਰ ਤੋਂ ਅਕਾਲ ਚਲਾਣਾ ਕਰ ਗਏ ਹਨ । ਉਹਨਾਂ ਦੀ ਮਿਰਤਕ ਦੇਹ ਨੂੰ ਆਪ ਜੀ ਦੀ ਬਖ਼ਸ਼ਿਸ਼ ਕੀਤੀ ਹੋਈ ਮਰਿਆਦਾ ਅਨੁਸਾਰ ਅਗਨ ਭੇਟ ਕੀਤਾ ਗਿਆ ਹੈ । ਸਮੁੱਚੀ ਮਰਿਆਦਾ ਨਿਭਾਉਂਦੇ ਹੋਏ ਅਨੇਕ ਪ੍ਰਕਾਰ ਦੀਆਂ ਭੁੱਲਾਂ ਗ਼ਲਤੀਆਂ ਹੋਈਆਂ ਹਨ, ਭੁੱਲਾਂ ਨਾ ਚਿਤਾਰਨਾ ਜੀ । ਆਪ ਜੀ ਨੇ ਕਿਰਪਾ ਕਰਨੀ ਵਿਛੁੜੀ ਹੋਈ ਆਤਮਾ ਨੂੰ ਰੂਹੀ ਸਕੂਨ ਬਖ਼ਸ਼ਨਾ । ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ ਕੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣਾ । ਵਿਛੁੜੀ ਹੋਈ ਆਤਮਾ ਪਾਸੋਂ ਸੰਸਾਰ ਵਿੱਚ ਵਿਚਰਦਿਆਂ ਹੋਇਆਂ ਜਾਣੇ ਅਨਜਾਣੇ ਅਨੇਕ ਭੁੱਲਾਂ ਗ਼ਲਤੀਆਂ ਹੋ ਗਈਆਂ ਹੋਣਗੀਆਂ, ਭੁੱਲਾਂ ਨਾ ਚਿਤਾਰਦੇ ਹੋਏ, ਆਤਮਾ ਨੂੰ ਸ਼ਾਂਤੀ ਬਖ਼ਸ਼ਣੀ । ਪਰਿਵਾਰ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖਣਾ, ਗੁਰਸਿੱਖੀ ਜੀਵਨ ਤੇ ਨਾਮ ਦੀਆਂ ਦਾਤਾਂ ਬਖ਼ਸ਼ਿਸ਼ ਕਰਨੀਆਂ ਜੀ ।

**ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥**
**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥**

*ਵਿਅਕਤੀ ਦਾ ਨਾਮ

## Death Ceremony

### *Upon Returning to Gurdwara (for Alhania De Paath)*

Hey akal purakh Waheguru jiu! Aap ji de hazur benati hai ki aap ji de sevak…*…jo ki akal chalana kar gae san, uhana de antim sanskar ton ba'ad samuh sangat aap ji di hazuri andar puji hai, aap ji di hazuri andar alahanian te anand sahib dian 6 paurian da paṭh hoia hai. Satgur ji, bhulan chukan di khima karni. Vichuri ruh nu apane charana da nivas te paravar nu piche bhana manan da bal bakhasana ji. Pancham karah prasad di deg hazir hai, dar pravan hove. Pavan hukamnama bakhas ke sangata nu nihal karo. Akhar vadha ghaṭa bhul chuk mu'aph karni.

O Akal Purakh Waheguru Ji! It is requested in your presence that after the funeral of your servant …*… the Sangat has reached Your presence. Six Paurhi of the Anand Sahib and Alahani Paath have been recited in Your presence. Satguru Ji, please forget the mistakes we have made. Please grant solace to the departed soul at your feet, and give strength to the family to obey Your Will. Pancham Karah Prashad Deg is ready, so please accept it. Bless the Sangat with Your Holy Hukamnama. Please forgive all our mistakes.

*Name of the person

## ਮਿਰਤਕ ਸੰਸਕਾਰ

### ਅਲਾਹਣੀਆਂ ਦਾ ਪਾਠ – ਗੁਰਦੁਆਰਾ ਸਾਹਿਬ ਵਿੱਚ

ਹੇ ਅਕਾਲ ਪੁਰਖ ਵਾਹਿਗੁਰੂ ਜੀਓ ! ਆਪ ਜੀ ਦੇ ਹਜ਼ੂਰ ਬੇਨਤੀ ਹੈ ਕਿ ਆਪ ਜੀ ਦੇ ਸੇਵਕ...*... ਜੋ ਕਿ ਅਕਾਲ ਚਲਾਣਾ ਕਰ ਗਏ ਸਨ, ਉਹਨਾਂ ਦੇ ਅੰਤਿਮ ਸਸਕਾਰ ਤੋਂ ਬਾਅਦ ਸਮੂਹ ਸੰਗਤ ਆਪ ਜੀ ਦੀ ਹਜ਼ੂਰੀ ਅੰਦਰ ਪੁੱਜੀ ਹੈ, ਆਪ ਜੀ ਦੀ ਹਜ਼ੂਰੀ ਅੰਦਰ ਅਲਾਹਣੀਆਂ ਤੇ ਅੰਨਦ ਸਾਹਿਬ ਦੀਆਂ ੬ ਪਉੜੀਆਂ ਦਾ ਪਾਠ ਹੋਇਆ ਹੈ । ਸਤਿਗੁਰ ਜੀ, ਭੁੱਲਾਂ ਚੁੱਕਾਂ ਦੀ ਖਿਮਾਂ ਕਰਨੀ । ਵਿਛੁੜੀ ਰੂਹ ਨੂੰ ਅਪਣੇ ਚਰਣਾਂ ਦਾ ਨਿਵਾਸ ਤੇ ਪਰਿਵਾਰ ਨੂੰ ਪਿੱਛੇ ਭਾਣਾ ਮੰਨਣ ਦਾ ਬਲ ਬਖਸ਼ਣਾ ਜੀ । ਪੰਚਮ ਕੜਾਹ ਪ੍ਰਸ਼ਾਦ ਦੀ ਦੇਗ ਹਾਜ਼ਿਰ ਹੈ, ਦਰ ਪ੍ਰਵਾਨ ਹੋਵੇ । ਪਾਵਨ ਹੁਕਮਨਾਮਾ ਬਖਸ਼ ਕੇ ਸੰਗਤਾਂ ਨੂੰ ਨਿਹਾਲ ਕਰੋ । ਅੱਖਰ ਵਾਧਾ ਘਾਟਾ ਭੁੱਲ ਚੁੱਕ ਮੁਆਫ ਕਰਨੀ ।

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥**

*ਵਿਅਕਤੀ ਦਾ ਨਾਮ

## ਅਰਦਾਸ

ਅਰਦਾਸ ਸ਼ਬਦ ਦਾ ਮੂਲ ਫਾਰਸੀ ਭਾਸ਼ਾ ਦੇ ਸ਼ਬਦ ਅਰਜ਼ + ਦਾਸਤ ਤੋਂ ਹੈ ਜਿਸਦਾ ਭਾਵ ਹੈ 'ਦੋਵੇਂ ਹੱਥ ਜੋੜ ਕੇ ਮੰਗਣਾ ਜਾਂ ਬੇਨਤੀ ਕਰਨੀ' । ਦੁਨੀਆਂ ਵਿੱਚ ਕੋਈ ਐਸਾ ਇਨਸਾਨ ਲੱਭਣਾ ਬਹੁਤ ਮੁਸ਼ਕਿਲ ਹੈ ਜਿਸ ਨੇ ਕਦੇ ਅਰਦਾਸ ਨਾ ਕੀਤੀ ਹੋਵੇ । ਨਾਸਤਿਕ ਤੋਂ ਨਾਸਤਿਕ ਇਨਸਾਨ ਦੇ ਅੰਦਰੋਂ ਵੀ ਅਰਦਾਸ ਇੱਕ ਹੂਕ ਬਣ ਕੇ ਨਿਕਲ ਹੀ ਆਉਂਦੀ ਹੈ । ਅਰਦਾਸ ਆਪਣੇ ਮਨ ਦੇ ਭਾਵਾਂ ਨੂੰ ਵਿਅਕਤ ਜਾਂ ਪ੍ਰਗਟ ਕਰਨ ਲਈ ਪ੍ਰਮਾਤਮਾ ਵੱਲੋਂ ਇਨਸਾਨ ਨੂੰ ਦਿੱਤਾ ਹੋਇਆ ਅਮੁੱਲ ਤੋਹਫਾ ਹੈ । ਅਰਦਾਸ ਢਹਿੰਦੇ ਮਨਾਂ ਲਈ ਸਹਾਰਾ ਹੈ, ਦੁੱਖੀਆਂ ਲਈ ਇਕ ਆਸ ਦੀ ਕਿਰਨ ਹੈ, ਨਿਤਾਣਿਆਂ ਲਈ ਤਾਣ ਹੈ । ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਦੋਂ ਵੀ ਇਨਸਾਨ ਦੁਖੀ ਜਾਂ ਕੋਈ ਤਕਲੀਫ ਮਹਿਸੂਸ ਕਰੇ ਤਾਂ ਉਹਦੇ ਲਈ ਅਰਦਾਸ ਹੀ ਦਾਰੂ ਹੈ ।:-

**ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ । (੫੧੯)**

ਅਰਦਾਸ ਦੀ ਸਫ਼ਲਤਾ ਲਈ ਜ਼ਰੂਰੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਬਚਨ 'ਮੁਲ ਖ਼ਰੀਦੀ ਲਾਲਾ ਗੋਲਾ' ਨੂੰ ਆਪਣੇ ਜੀਵਨ ਦਾ ਅਧਾਰ ਬਣਾ ਲਇਆ ਜਾਵੇ । ਇਹਨਾਂ ਬਚਨਾਂ ਵਿਚ ਗੁਰੂ ਨਾਨਕ ਸਾਹਿਬ ਦੋ ਗੱਲਾਂ ਸਮਝਾ ਰਹੇ ਹਨ, ਪਹਿਲੀ ਇਹ ਕਿ ਗੋਲ੍ਹਾ ਬਣ ਜਾਣਾ ਭਾਵ ਕਿ ਸੇਵਕ ਬਣ ਜਾਣਾ ਅਤੇ ਦੂਜੀ ਆਪਣੇ ਮਾਲਕ ਦੇ ਹੁਕਮ ਵਿੱਚ ਚਲਣਾ । ਜੇਕਰ ਇਹ ਦੋਵੇਂ ਗੁਣ ਜੀਵਨ ਵਿੱਚ ਧਾਰਨ ਕਰਕੇ ਮਾਲਕ ਦੇ ਅੱਗੇ ਅਰਦਾਸ ਕੀਤੀ ਜਾਵੇ ਤਾਂ ਕੀਤੀ ਹੋਈ ਅਰਦਾਸ ਵਿਅਰਥ ਨਹੀਂ ਜਾਂਦੀ :-

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ (੮੧੯)**

ਪ੍ਰਮਾਤਮਾ ਨੂੰ ਆਪਣਾ ਮਾਲਕ ਮੰਨ ਲੈਣਾ 'ਜੀਅ ਕੀ ਏਕੈ ਹੀ ਪਹਿ ਮਾਨੀ' ਵਾਲੀ ਭਾਵਨਾ ਬਣਾ ਲੈਣੀ ਕਿ ਮੇਰਾ ਮਾਲਕ ਹੀ ਮੇਰੀ ਅਰਜ਼ੋਈ (request) ਸੁਣਦਾ ਹੈ ਅਤੇ ਉਸ ਤੋਂ ਇਲਾਵਾ ਹੋਰ ਦੂਜਾ ਕੋਈ ਨਹੀਂ ਜੋ ਮੇਰੇ ਅੰਦਰ ਦੀ ਹੂਕ (inner feelings) ਸੁਣ ਸਕਦਾ ਹੋਵੇ । ਇਸ ਦੇ ਨਾਲ ਇਹ ਵੀ ਖਿਆਲ ਰੱਖਿਆ ਜਾਵੇ ਕਿ ਨੌਂਕਰ ਮਾਲਕ ਅੱਗੇ ਬੇਨਤੀ ਹੀ ਕਰ ਸਕਦਾ ਹੈ ਹੁਕਮ ਨਹੀ :

**ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ**

ਇਹ ਤਾਂ ਪਤਾ ਲੱਗ ਗਿਆ ਕਿ ਮੰਗਣਾ ਇੱਕ ਮਾਲਕ (ਪ੍ਰਮਾਤਮਾ) ਕੋਲੋਂ ਹੈ । ਹੁਣ ਸਵਾਲ ਪੈਦਾ ਹੁੰਦਾ ਕਿ ਮਾਲਕ ਕੋਲੋਂ ਮੰਗਿਆ ਕੀ ਜਾਵੇ? ਗੁਰੂ ਸਾਹਿਬ ਤਾਂ ਕਹਿੰਦੇ ਹਨ ਕਿ 'ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ' ਕੇ ਮਾਲਕ (ਪ੍ਰਮਾਤਮਾ) ਕੋਲੋਂ ਕੁਝ ਵੀ ਮੰਗਿਆ ਜਾ ਸਕਦਾ, ਗੁਰਬਾਣੀ ਬਚਨਾਂ ਮੁਤਾਬਕ :-

ਜੋ ਮਾਂਗਉ ਸੋਈ ਸੋਈ ਪਾਵਉ ਅਪਨੇ ਖਸਮ ਭਰੋਸਾ । (੬੧੯)

ਮਾਲਕ ਉਤੇ ਭਰੋਸਾ ਹੋਣਾ ਬਹੁਤ ਲਾਜ਼ਮੀ (mandatory) ਹੈ ਕਿਉਂ ਕਿ ਭਰੋਸੇ ਤੋਂ ਬਿਨਾਂ ਕੁਝ ਪ੍ਰਾਪਤੀ ਨਹੀਂ ਹੋ ਸਕਦਾ । ਭਰੋਸਾ ਹੈ ਤਾਂ ਸਭ ਕੁਝ ਮਿਲ ਸਕਦਾ ਹੈ । ਜਿਵੇਂ, ਇੱਕ ਵਾਰਤਾ ਹੈ ਕਿ ਕਿਸੇ ਪਿੰਡ ਵਿੱਚ ਮੀਂਹ ਨਾ ਪੈਣ ਕਰਕੇ ਫ਼ਸਲ ਸੁੱਕਣੀ ਸ਼ੁਰੂ ਹੋ ਗਈ । ਪਿੰਡ ਦੇ ਆਗੂਆਂ ਨੇ ਅਰਦਾਸ ਕਰਨ ਦੀ ਸਲਾਹ ਕੀਤੀ । ਨੀਯਤ ਸਮੇਂ 'ਤੇ ਪਿੰਡ ਦੇ ਲੋਕ ਅਰਦਾਸ ਕਰਨ ਲਈ ਇਕੱਠੇ ਹੋਗਏ । ਇੱਕ ਛੋਟਾ ਬੱਚਾ ਛੱਤਰੀ ਲੈ ਕੇ ਆ ਰਿਹਾ ਵੇਖ ਕੇ ਲੋਕਾਂ ਪੁੱਛਿਆ, "ਬੇਟਾ ਛੱਤਰੀ ਕਿਉਂ ਅਜੇ ਕਿਹੜਾ ਮੀਂਹ ਸ਼ੁਰੂ ਹੋਇਆ ਹੈ"। ਬੱਚੇ ਦਾ ਜਵਾਬ ਸੁਣ ਕੇ ਸਭ ਦੀਆਂ ਅੱਖਾਂ ਸ਼ਰਮ ਨਾਲ ਝੁੱਕ ਗਈਆਂ । ਬੱਚਾ ਬੋਲਿਆ "ਜਦ ਤੁਸੀਂ ਅਰਦਾਸ ਕਰੋਗੇ ਤਾਂ ਮੀਂਹ ਪਵੇਗਾ । ਮੀਂਹ 'ਚ ਕਿਤੇ ਭਿੱਜ ਨਾ ਜਾਵਾਂ ਇਸ ਲਈ ਛੱਤਰੀ ਲੈ ਕੇ ਆਇਆਂ ਜੀ" । ਇਹ ਹੈ ਅਰਦਾਸ ਉਤੇ ਭਰੋਸਾ । ਰਤਾ ਜਿੰਨਾ ਸ਼ੰਕਾ ਵੀ ਅਰਦਾਸ ਲਈ ਕਬੂਲ ਨਹੀਂ । ਭਰੋਸੇ ਵਿਹੂਣੀ ਅਰਦਾਸ ਬਿਨਾਂ ਤੇਲ ਅਤੇ ਵੱਟੀ ਤੋਂ ਦੀਵਾ ਜਗਾਉਣ ਬਰਾਬਰ ਹੈ, ਜੋ ਕਿ ਬਲ ਹੀ ਨਹੀਂ ਸਕਦਾ । ਇਸ ਕਰਕੇ ਵਿਦਵਾਨਾਂ ਨੇ ਅਰਦਾਸ ਦੇ ਚਾਰ ਅੱਖਰਾਂ ਰਾਹੀਂ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ :-

- **ਅ – ਅੰਤਰਜਾਮੀ**
- **ਰ – ਰਾਖਾ**
- **ਦ – ਦਾਤਾ**
- **ਸ – ਸਹਾਰਾ**

ਇਹਨਾਂ ਚਾਰ ਗੱਲਾਂ ਨੂੰ ਧਿਆਨ 'ਚ ਰੱਖ ਕੇ, ਭਾਵ ਅਰਦਾਸ ਕਰਨ ਵਾਲੇ ਨੂੰ ਇਹ ਵਿਸ਼ਵਾਸ਼ ਹੋਵੇ ਕਿ ਜਿਸ ਅੱਗੇ ਮੈਂ ਅਰਦਾਸ ਕਰ ਰਿਹਾ ਹਾਂ ਉਹ:- 'ਵਿਣੁ ਬੋਲਿਆ ਸਭੁ ਕਿਛੁ ਜਾਣਦਾ' ਹੈ, 'ਰਾਖਾ ਏਕੁ ਹਮਾਰਾ ਸੁਆਮੀ' ਹੈ, 'ਸਭਨਾ ਕਾ ਦਾਤਾ ਏਕੁ ਹੈ' ਅਤੇ 'ਇਕ ਤੇਰੀ ਓਟ ਰਹਾਈਐ' ਹੈ, ਇਸ ਭਾਵਨਾ ਅਤੇ ਭਰੋਸੇ ਨਾਲ ਹੀ ਆਪਣੇ ਮਨ ਦੀ ਵੇਦਨਾ (sorrow, agony, grieve, afflictions) ਆਪਣੇ ਮਾਲਕ ਅੱਗੇ ਬਿਆਨ ਕਰਨੀ ਚਾਹੀਦੀ ਹੈ । ਐਸੀ ਅਰਦਾਸ ਮਾਲਕ ਦੇ ਦਰ ਤੇ ਪ੍ਰਵਾਨ ਵੀ ਹੁੰਦੀ ਹੈ । ਪਰ ਇਸ ਤਰ੍ਹਾਂ ਦੀ ਅਰਦਾਸ ਕਿਸੇ ਵਿਰਲੇ ਦਾ ਮਨ ਅੰਦਰੋਂ ਹੀ ਹੁੰਦੀ ਹੈ, ਕਿਸੇ ਸ਼ਾਇਰ ਨੇ ਵੀ ਬੜਾ ਪਿਆਰਾ ਲਿਖਿਆ ਹੈ ਕਿ:-

ਦੁਆ ਕਬੂਲ ਹੋਤੀ ਹੈ ਜੋ ਦਿਲ ਸੇ ਹੋਤੀ ਹੈ,
ਮਗਰ ਮੁਸ਼ਕਿਲ ਤੋ ਯੇਹ ਹੈ ਕਿ ਯੇ ਬੜੀ ਮੁਸ਼ਕਿਲ ਸੇ ਹੋਤੀ ਹੈ ।

ਪਰ ਨਾਲ ਹੀ ਇਹ ਵੀ ਖਿਆਲ ਰਹੇ ਕਿ :-

ਪਰ ਕਾ ਬੁਰਾ ਨ ਰਾਖਹੁ ਚੀਤ । ਤੁਮ ਕਉ ਦੁਖੁ ਨਹੀ ਭਾਈ ਮੀਤ । (੩੮੬)

ਇਸ ਤੋਂ ਇਲਾਵਾ ਕੁਝ ਵੀ ਮੰਗਿਆ ਜਾ ਸਕਦਾ ਹੈ । ਪੰਥਕ ਅਰਦਾਸ ਜੋ ਕਿ ਸਮੁੱਚੇ ਪੰਥ ਵਲੋਂ ਤਿਆਰ ਕੀਤੀ ਗਈ ਹੈ । ਉਸ ਵਿੱਚ ਜਿਥੇ ਗੁਰੂ ਸਾਹਿਬਾਨ, ਸ਼ਹੀਦਾਂ ਸਿਘਾਂ-ਸਿੰਘਣੀਆਂ, ਬੰਦਗੀ ਵਾਲਿਆਂ, ਗੁਰਧਾਮਾਂ ਆਦਿ ਨੂੰ ਯਾਦ ਕੀਤਾ ਜਾਂਦਾ ਹੈ ਉਥੇ ਗੁਰੂ ਜੀ ਪਾਸੋਂ ਸਰਬੱਤ ਖ਼ਾਲਸੇ ਲਈ ਸੱਤ (੭) ਦਾਨ ਵੀ ਮੰਗੇ ਜਾਂਦੇ ਹਨ ਜਿਨ੍ਹਾਂ ਵਿਚੋਂ ਸਭ ਤੋਂ ਸ਼੍ਰੇਸ਼ਟ 'ਦਾਨਾਂ ਸਿਰ ਦਾਨ ਨਾਮ ਦਾਨ' ਮੰਗਿਆ ਜਾਂਦਾ ਹੈ । ਨਾਮ ਦਾਨ ਦੀ ਮੰਗ ਮੁੱਖ ਹੁੰਦੀ ਹੈ । ਜਿਸ ਨੂੰ ਇਸ ਦੀ ਪ੍ਰਾਪਤੀ ਹੋ ਜਾਂਦੀ ਹੈ, ਉਸ ਨੂੰ ਹੋਰ ਕੁਝ ਮੰਗਣ ਦੀ ਲੋੜ ਹੀ ਨਹੀਂ ਰਹਿੰਦੀ । ਇਸ ਲਈ ਬਾਣੀ ਵਿਚ ਗੁਰੂ ਸਾਹਿਬ ਜੀ ਨੇ ਵਾਰ-ਵਾਰ ਇਹ ਮੰਗ ਪ੍ਰਮਾਤਮਾ ਕੋਲੋਂ ਮੰਗੀ ਹੈ । ਮਾਲਕ ਪ੍ਰਮਾਤਮਾ ਦੇ ਘਰ ਵਿਚ 'ਘਰਿ ਤ ਤੇਰੈ ਸਭੁ ਕਿਛੁ ਹੈ' ਜੇ ਮਾਲਕ ਹੀ ਮਿਲ ਜਾਵੇ ਤਾਂ ਹੋਰ ਕੁਝ ਮੰਗਣ ਦੀ ਲੋੜ ਹੀ ਨਹੀਂ, ਇਸ ਲਈ :-

**ਮਾਗਉ ਦਾਨੁ ਠਾਕੁਰ ਨਾਮ । (੭੧੩)**

**ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ । (੧੦੧੮)**

ਕਿਉਂ ਕਿ ਨਾਮ ਨਾਲ ਹੀ ਚੜ੍ਹਦੀ ਕਲਾ ਹੈ ਅਤੇ ਚੜ੍ਹਦੀ ਕਲਾ ਵਾਲਾ ਹੀ ਸਰਬੱਤ ਦੇ ਭਲੇ ਦੀ ਯਾਚਨਾ ਕਰਦਾ ਹੈ, ਸਰਬੱਤ ਦੇ ਭਲੇ ਦੀ ਕੇਵਲ ਮੰਗ ਹੈ ਨਹੀਂ ਸਗੋਂ ਉਹ ਸਰਬੱਤ ਦੇ ਭਲੇ ਨੂੰ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਆਪਣੇ ਜੀਵਨ ਦਾ ਅੰਗ ਬਣਾ ਲੈਂਦਾ ਹੈ। ਤਾਂ ਹੀ ਪੰਥਕ ਅਰਾਦਸ ਦੀ ਸਮਾਪਤੀ 'ਤੇ ਸਮੁੱਚੇ ਖ਼ਾਲਸੇ ਨੂੰ ਇਹ ਬਚਨ ਦ੍ਰਿੜ ਕਰਵਾਏ ਜਾਂਦੇ ਹਨ:-

ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਦਾ ਭਲਾ।

****************************************

ਬਿਲਾਵਲੁ ਮਹਲਾ ੫॥

bilaaval mahalla 5

***Bilaaval, Fifth Mehla:***

ਰੋਗੁ ਮਿਟਾਇਆ ਆਪਿ ਪ੍ਰਭਿ ਉਪਜਿਆ ਸੁਖੁ ਸਾਂਤਿ॥

rog mittaayah aap prabh oupajiaa sukh saant

***God Himself eradicated the disease;***
***peace and tranquility have welled up.***

ਵਡ ਪਰਤਾਪੁ ਅਚਰਜ ਰੂਪੁ ਹਰਿ ਕੀਨ੍ਹੀ ਦਾਤਿ ॥੧॥

vadd parthaap acharaj roop har keenhee daath

***The Lord blessed me with***
***the gifts of great, glorious radiance and wondrous form.***

ਗੁਰਿ ਗੋਵਿੰਦਿ ਕ੍ਰਿਪਾ ਕਰੀ ਰਾਖਿਆ ਮੇਰਾ ਭਾਈ॥

gur govind kirpaa karee raakhiaa merah bhai

***The Guru, the Lord of the Universe, has shown mercy to me,***
***and saved my brother.***

ਹਮ ਤਿਸ ਕੀ ਸਰਣਾਗਤੀ ਜੋ ਸਦਾ ਸਹਾਈ ॥੧॥ ਰਹਾਉ॥

ham tis kee sarnaagatee jo sadhaa sehaaee. rahao

***I am under His Protection; He is always my help and support.***

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥

birathee kadhae n hovee jan kee ardaas

***The prayer of the Lord's humble servant is never offered in vain.***

ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥੨॥੧੩॥੭੭॥

nanak jor govind kaa pooran gunataas

***Nanak takes the strength of the Perfect Lord of the Universe,***
***the treasure of excellence.***

(Sri Guru Granth Sahib Ji, Ang 819)

SIKH MISSIONARY SOCIETY

Estb. 1940, Singapore

**ਉਦੇਸ਼ Mission**

**1. ਗੁਰਮੁਖੀ ਅਤੇ ਪੰਜਾਬੀ ਬੋਲੀ ਨੂੰ ਪ੍ਰਫੁਲਿਤ ਕਰਨਾ ।**
**Promotion of Gurmukhi and Punjabi Language**

**2. ਸਿੱਖੀ (ਸਿੱਖ ਧਰਮ) ਦੀ ਜਾਣਕਾਰੀ ਲਈ ਪ੍ਰੇਰਨਾ ।**
**Promote learning of Sikhi**

**3. ਸਿੱਖ ਇਤਿਹਾਸ ਦੀ ਜਾਣਕਾਰੀ ਵਧਾਉਣੀ ।**
**Promote learning of Sikh History**

**Contact Us**
**+65 83658708**
**88 Sophia Road, Singapore 228188**
**Email: secretary@sikhmissionary.org.sg**
**Web: www.sikhmissionary.org.sg**

**This book contains Shabads and quotations from Gurbani**
**Kindly handle with care and respect**

**First Edition: 1000 copies November 2018**
**Second Edition: 2000 copies December 2018**
**Third Revised Edition: December 2022**
**Fourth Edition: October 2026**